Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 156 30/10/2025 www.samajweekly.com samajweekly @samajweekly samajweekly

# ਇਜ਼ਰਾਈਲ ਵੱਲੋਂ ਗਾਜ਼ਾ ਤੇ ਹਮਲਾ, 104 ਵਿਅਕਤੀਆਂ ਦੀ ਮੌਤ

## ਇਜ਼ਰਾਈਲ ਨੇ ਹਮਾਸ ਤੇ ਸਮਝੌਤੇ ਦੀ ਉਲੰਘਣਾ ਦਾ ਗੰਭੀਰ ਦੋਸ਼ ਲਾਉਂਦਿਆਂ ਬੀਤੀ ਦੇਰ ਰਾਤ ਗਾਜ਼ਾ ਪੱਟੀ ਤੇ ਫਿਰ ਤੋਂ ਭਿਆਨਕ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਹਨ

**ਗਾਜ਼ਾ।** ਅਮਰੀਕਾ ਦੀ ਵਿਚੋਲਗੀ ਨਾਲ ਇਜ਼ਰਾਈਲ ਅਤੇ ਹਮਾਸ ਵਿਚਾਲੇ ਹੋਇਆ ਜੰਗਬੰਦੀ ਸਮਝੌਤਾ ਟੁੱਟ ਗਿਆ ਹੈ। ਇਜ਼ਰਾਈਲ ਨੇ ਹਮਾਸ ਤੇ ਸਮਝੌਤੇ ਦੀ ਉਲੰਘਣਾ ਦਾ ਗੰਭੀਰ ਦੋਸ਼ ਲਾਉਂਦਿਆਂ ਬੀਤੀ ਦੇਰ ਰਾਤ ਗਾਜ਼ਾ ਪੱਟੀ ਤੇ ਫਿਰ ਤੋਂ ਭਿਆਨਕ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ 104 ਵਿਅਕਤੀਆਂ ਦੀ ਮੌਤ ਹੋ ਗਈ।

ਇਸ ਹਮਲੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਜ਼ਰਾਈਲੀ ਫੌਜ ਨੂੰ ਗਾਜ਼ਾ ਵਿੱਚ ਤੁਰੰਤ ਜ਼ੋਰਦਾਰ ਹਮਲੇ ਕਰਨ ਦਾ ਨਿਰਦੇਸ਼ ਦਿੱਤਾ ਸੀ, ਜਿਸ ਤੋਂ ਬਾਅਦ ਇਜ਼ਰਾਈਲੀ ਲੜਾਕੂ ਜਹਾਜ਼ਾਂ ਨੇ ਗਾਜ਼ਾ ਤੇ ਬੰਬ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਇੱਕ ਇਜ਼ਰਾਈਲੀ ਫੌਜੀ ਅਧਿਕਾਰੀ ਨੇ ਦਾਅਵਾ ਕੀਤਾ ਕਿ ਹਮਾਸ ਦੇ ਅੱਤਵਾਦੀਆਂ ਨੇ ਪਹਿਲਾਂ ਜੰਗਬੰਦੀ ਦੀ ਉਲੰਘਣਾ ਕੀਤੀ। ਉਨ੍ਹਾਂ ਨੇ ਰਫਾਹ ਖੇਤਰ ਵਿੱਚ ਤਾਇਨਾਤ ਇਜ਼ਰਾਈਲੀ ਸੈਨਿਕਾਂ ਤੇ ਰਾਕੇਟ-ਪ੍ਰੋਪੇਲਡ ਗ੍ਰੇਨੇਡ ਨਾਲ ਹਮਲਾ ਕੀਤਾ।

ਪ੍ਰਧਾਨ ਮੰਤਰੀ ਨੇਤਨਯਾਹੂ ਨੇ ਖੁਦ ਦੋਸ਼ ਲਾਇਆ ਕਿ ਹਮਾਸ ਨੇ ਹਾਲ ਹੀ ਵਿੱਚ ਵਾਪਸ ਕੀਤੇ ਗਏ ਇੱਕ ਬੰਧਕ ਦੀਆਂ ਅਸਥੀਆਂ ਦੀ ਗਲਤ ਪਛਾਣ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਅਸਥੀਆਂ ਉਸ ਬੰਧਕ ਦੀਆਂ ਸਨ ਜਿਸਦੀ ਲਾਸ਼ ਇਜ਼ਰਾਈਲੀ ਫੌਜ ਨੇ 2 ਸਾਲ ਪਹਿਲਾਂ ਹੀ ਗਾਜ਼ਾ ਤੋਂ ਬਰਾਮਦ ਕਰ ਲਈ ਸੀ। ਨੇਤਨਯਾਹੂ ਨੇ ਇਸਨੂੰ ਸਮਝੌਤੇ ਦੀ ਸਪੱਸ਼ਟ ਉਲੰਘਣਾ ਦੱਸਿਆ ਅਤੇ ਕਿਹਾ ਕਿ ਉਹ ਅਗਲੇ ਕਦਮਾਂ ਤੇ ਵਿਚਾਰ ਕਰ



ਰਹੇ ਹਨ। ਇਜ਼ਰਾਈਲੀ ਰੱਖਿਆ ਮੰਤਰੀ ਕਾਟਜ਼ ਨੇ ਵੀ ਚੇਤਾਵਨੀ ਦਿੱਤੀ ਕਿ ਆਈ ਡੀ ਐਫ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਹਮਾਸ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ ਅਤੇ ਇਜ਼ਰਾਈਲ ਵੱਡੀ ਤਾਕਤ ਨਾਲ ਜਵਾਬ ਦੇਵੇਗਾ। ਹਮਲੇ ਦੁਬਾਰਾ ਸ਼ੁਰੂ ਕਰਨ ਤੋਂ ਪਹਿਲਾਂ ਇਜ਼ਰਾਈਲ ਨੇ ਅਮਰੀਕਾ ਨੂੰ ਸੂਚਿਤ ਕਰ ਦਿੱਤਾ ਸੀ। ਨੇਤਨਯਾਹੂ ਦੇ ਹੁਕਮ ਤੋਂ ਤੁਰੰਤ ਬਾਅਦ ਗਾਜ਼ਾ ਤੇ ਹਮਲੇ ਸ਼ੁਰੂ ਹੋ ਗਏ। ਗਾਜ਼ਾ ਸਿਵਲ ਡਿਫੈਂਸ ਏਜੰਸੀ ਨੇ ਦੱਸਿਆ ਕਿ ਹਮਲਿਆਂ ਵਿੱਚ 104 ਵਿਅਕਤੀ ਮਾਰੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗਾਜ਼ਾ ਸ਼ਹਿਰ ਦੇ ਅਲ-ਸਬਰਾ ਇਲਾਕੇ ਵਿੱਚ ਹੋਏ ਹਮਲੇ ਵਿੱਚ ਘੱਟੋ-ਘੱਟ ਤਿੰਨ ਔਰਤਾਂ ਅਤੇ ਇੱਕ ਮਰਦ ਮਾਰੇ ਗਏ। ਉੱਥੇ ਹੀ, ਦੱਖਣੀ ਸ਼ਹਿਰ ਖਾਨ ਯੂਨਿਸ ਵਿੱਚ ਇੱਕ ਹੋਰ ਹਮਲੇ ਵਿੱਚ ਦੋ ਬੱਚਿਆਂ ਅਤੇ ਇੱਕ ਔਰਤ ਸਮੇਤ ਪੰਜ ਹੋਰ ਲੋਕਾਂ ਦੀ ਜਾਨ ਗਈ। ਉੱਤਰੀ ਗਾਜ਼ਾ ਦੇ ਅਲ ਸ਼ਿਫਾ ਹਸਪਤਾਲ ਦੇ ਨਿਰਦੇਸ਼ਕ ਨੇ ਦੱਸਿਆ ਕਿ ਮੈਡੀਕਲ ਸਹੂਲਤ ਨੇੜੇ ਤਿੰਨ ਵੱਡੇ ਧਮਾਕੇ ਸੁਣੇ ਗਏ। ਹਮਾਸ ਨੇ ਇਜ਼ਰਾਈਲੀ ਹਮਲਿਆਂ ਦੀ ਨਿੰਦਾ ਕੀਤੀ ਹੈ। ਉਸਨੇ ਇਜ਼ਰਾਈਲੀ ਸੈਨਿਕਾਂ ਤੇ ਹਮਲਾ ਕਰਨ ਦੀ ਜ਼ਿੰਮੇਵਾਰੀ ਤੋਂ ਇਨਕਾਰ ਕੀਤਾ ਹੈ। ਹਮਾਸ ਨੇ ਜੰਗਬੰਦੀ ਸਮਝੌਤੇ ਨੂੰ ਬਣਾਈ ਰੱਖਣ ਦੀ ਆਪਣੀ ਵਚਨਬੱਧਤਾ ਦੁਹਰਾਈ ਹੈ। ਇਹ ਜੰਗਬੰਦੀ 10 ਅਕਤੂਬਰ ਨੂੰ ਅਮਰੀਕਾ ਦੀ ਵਿਚੋਲਗੀ ਨਾਲ ਲਾਗੂ ਹੋਈ ਸੀ। ਹਾਲਾਂਕਿ, ਇਜ਼ਰਾਈਲ ਸ਼ੁਰੂ ਤੋਂ ਹੀ ਹਮਾਸ ਤੇ ਵਾਰ-ਵਾਰ ਉਲੰਘਣਾ ਕਰਨ ਦਾ ਦੋਸ਼ ਲਗਾ ਰਿਹਾ ਸੀ।

# ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਇਕ ਹੋਰ ਕੇਸ ਦਰਜ

**ਚੰਡੀਗੜ੍ਹ।** ਸੀਬੀਆਈ ਨੇ ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਇੱਕ ਨਵਾਂ ਕੇਸ ਦਰਜ ਕੀਤਾ ਹੈ। ਕੇਂਦਰੀ ਜਾਂਚ ਏਜੰਸੀ ਭੁੱਲਰ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਸੀਬੀਆਈ ਨੇ ਭੁੱਲਰ ਨੂੰ 16 ਅਕਤੂਬਰ ਨੂੰ ਇੱਕ ਸਕ੍ਰੈਪ ਡੀਲਰ ਤੋਂ 'ਸੇਵਾ ਪਾਣੀ' ਵਜੋਂ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਦੀ ਟੀਮ ਨੇ ਮਗਰੋਂ ਭੁੱਲਰ ਦੀ ਚੰਡੀਗੜ੍ਹ ਦੇ ਸੈਕਟਰ 40 ਵਿਚਲੀ ਰਿਹਾਇਸ਼ 'ਤੇ ਮਾਰੇ ਛਾਪੇ ਦੌਰਾਨ ਉਥੋਂ 7.5 ਕਰੋੜ ਰੁਪਏ ਦੀ ਨਕਦੀ ਤੋਂ ਇਲਾਵਾ 2.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਜ਼ਬਤ ਕੀਤੇ ਸਨ। ਇਸ ਤੋਂ ਇਲਾਵਾ ਤਲਾਸ਼ੀ ਮੁਹਿੰਮ ਦੌਰਾਨ ਰੋਲੈਕਸ ਤੇ ਰਾਡੋ ਬਰਾਂਡ ਸਣੇ 26 ਲਗਜ਼ਰੀ ਘੜੀਆਂ, ਪਰਿਵਾਰਕ ਮੈਂਬਰਾਂ ਅਤੇ ਸ਼ੱਕੀ ਬੇਨਾਮੀ ਸੰਸਥਾਵਾਂ ਦੇ ਨਾਮ 'ਤੇ 50 ਤੋਂ ਵੱਧ ਅਚੱਲ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼, ਲਾਕਰ ਦੀਆਂ ਚਾਬੀਆਂ ਅਤੇ ਕਈ ਬੈਂਕ ਖਾਤਿਆਂ ਦੇ ਵੇਰਵੇ ਅਤੇ 100 ਜ਼ਿੰਦਾ ਕਾਰਤੂਸਾਂ ਦੇ ਨਾਲ ਚਾਰ ਹਥਿਆਰ ਵੀ ਜ਼ਬਤ ਕੀਤੇ ਸਨ। ਪੁਲੀਸ ਅਧਿਕਾਰੀ ਨੇ ਕਿਹਾ ਕਿ ਭੁੱਲਰ ਦੀਗ੍ਰਿਫ਼ਤਾਰੀ ਤੋਂ ਬਾਅਦ, ਕੇਂਦਰੀ ਜਾਂਚ ਬਿਊਰੋ



(ਸੀਬੀਆਈ) ਨੇ ਉਨ੍ਹਾਂ ਦੇ ਕਈ ਬੈਂਕ ਲਾਕਰਾਂ ਦਾ ਵੀ ਸੰਚਾਲਨ ਕੀਤਾ ਹੈ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਤੋਂ ਸਾਹਮਣੇ ਆਇਆ ਕਿ ਮੁਅੱਤਲਸ਼ੁਦਾ ਡੀਆਈਜੀ ਦੀ ਆਮਦਨ ਜਾਣੇ-ਪਛਾਣੇ ਸਰੋਤਾਂ ਤੋਂ ਕਈ ਗੁਣਾ ਵੱਧ ਹੈ, ਜਿਸ ਕਾਰਨ ਏਜੰਸੀ ਉਨ੍ਹਾਂ ਵਿਰੁੱਧ ਇੱਕ ਨਵੀਂ ਐਫਆਈਆਰ ਦਰਜ ਕਰਨ ਲਈ ਪ੍ਰੇਰਿਤ ਹੋਈ। ਉਨ੍ਹਾਂ ਕਿਹਾ ਕਿ ਏਜੰਸੀ ਜ਼ਬਤ ਕੀਤੀ ਗਈ ਦੌਲਤ ਨੂੰ ਸ਼ੁਰੂਆਤੀ ਬਿੰਦੂ ਵਜੋਂ ਲਵੇਗੀ ਅਤੇ ਜਾਂਚ ਦੌਰਾਨ ਹੋਰ ਜਾਇਦਾਦਾਂ ਦਾ ਖੁਲਾਸਾ ਕਰ ਸਕਦੀ ਹੈ।

# ਟਰੰਪ ਤੋਂ ਡਰਦੇ ਹਨ ਪ੍ਰਧਾਨ ਮੰਤਰੀ ਮੋਦੀ : ਰਾਹੁਲ ਗਾਂਧੀ

**ਨਵੀਂ ਦਿੱਲੀ/ਦਰਭੰਗਾ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰੀ ਫਿਰ ਦਾਅਵਾ ਕੀਤਾ ਹੈ ਕਿ ਵਪਾਰ ਦੀ ਵਰਤੋਂ ਕਰ ਕੇ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਘਰਸ਼ ਨੂੰ ਰੋਕ ਦਿਤਾ। ਟਰੰਪ ਵਲੋਂ ਵਾਰ-ਵਾਰ ਕੀਤੇ ਜਾ ਰਹੇ ਇਨ੍ਹਾਂ ਦਾਅਵਿਆਂ ਚੁੱਪ ਵੱਟਣ ਲਈ ਕਾਂਗਰਸ ਨੇ ਬੁਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਤਿੱਖਾ ਹਮਲਾ ਕੀਤਾ।

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਦੇ ਦਾਅਵਿਆਂ ਤੋਂ 'ਡਰੇ ਹੋਏ' ਹਨ ਅਤੇ ਉਨ੍ਹਾਂ ਨੂੰ ਜਵਾਬ ਦੇਣ ਦੀ ਹਿੰਮਤ ਕਰਨੀ ਚਾਹੀਦੀ ਹੈ। ਰਾਹੁਲ ਗਾਂਧੀ ਨੇ ਮੋਦੀ ਨੂੰ ਚੁਨੌਤੀ ਦਿਤੀ ਕਿ ਜਦੋਂ ਉਹ ਬਿਹਾਰ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਹ ਦਸਣਾ ਚਾਹੀਦਾ ਹੈ ਕਿ ਟਰੰਪ ਝੂਠ ਬੋਲ ਰਹੇ ਹਨ। ਇਸ ਤੋਂ ਇਲਾਵਾ ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ ਵੀ ਜਾਪਾਨ ਅਤੇ



ਬਾਅਦ ਵਿਚ ਦਖਣੀ ਕੋਰੀਆ ਵਿਚ ਟਰੰਪ ਦੀਆਂ ਟਿਪਣੀਆਂ ਦੀਆਂ ਵੀਡੀਉ ਕਲਿੱਪਾਂ 'ਐਕਸ' ਉਤੇ ਸਾਂਝੀਆਂ ਕੀਤੀਆਂ, ਜਿਸ ਵਿਚ ਉਨ੍ਹਾਂ ਨੇ ਅਪਣੇ ਦਾਅਵੇ ਨੂੰ ਦੁਹਰਾਇਆ ਕਿ ਉਨ੍ਹਾਂ ਨੇ ਵਪਾਰ ਦੀ ਵਰਤੋਂ ਕਰਦਿਆਂ ਭਾਰਤ-ਪਾਕਿਸਤਾਨ ਫੌਜੀ ਸੰਘਰਸ਼ ਨੂੰ ਰੋਕਿਆ ਸੀ। ਰਮੇਸ਼ ਨੇ ਅਪਣੀ ਪੋਸਟ 'ਚ ਕਿਹਾ, ''ਹੁਣ ਪੂਰੀ ਤਰ੍ਹਾਂ ਸੁੰਗੜੀ ਹੋਇਆ ਅਤੇ ਪਰਦਾਫ਼ਾਸ਼ ਹੋ ਚੁਕੀ 56 ਇੰਚ ਦੀ ਛਾਤੀ ਅਜੇ ਵੀ ਸ਼ਾਂਤ ਹੈ।'' ਬਿਹਾਰ ਦੇ ਦਰਭੰਗਾ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਮੋਦੀ ਟਰੰਪ ਤੋਂ ਡਰਦੇ ਹਨ ਕਿਉਂਕਿ ਅਮਰੀਕੀ ਰਾਸ਼ਟਰਪਤੀ 50 ਵਾਰ ਕਹਿ ਚੁਕੇ ਹਨ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਧਮਕੀ ਦੇ ਕੇ ਆਪ੍ਰੇਸ਼ਨ ਸੰਧੂਰ ਨੂੰ ਰੋਕ ਦਿਤਾ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਜਿਨ੍ਹਾਂ ਵਿਚ ਹਿੰਮਤ ਦੀ ਘਾਟ ਹੈ, ਉਹ ਬਿਹਾਰ ਦਾ ਵਿਕਾਸ ਨਹੀਂ ਕਰ ਸਕਦੇ।

# ਪੰਜਾਬ ਦੇ ਸਰਕਾਰੀ ਤੇ ਨਿਜੀ ਸਕੂਲਾਂ ਦਾ ਸਮਾਂ 1 ਨਵੰਬਰ ਤੋਂ ਬਦਲੇਗਾ

**ਮੋਹਾਲੀ।** ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਸਕੂਲਾਂ ਦਾ ਸਮਾਂ ਬਦਲਣ ਦਾ ਫ਼ੈਸਲਾ ਕੀਤਾ ਹੈ। 1 ਨਵੰਬਰ ਤੋਂ 28 ਫ਼ਰਵਰੀ ਤਕ ਪ੍ਰਾਇਮਰੀ ਸਕੂਲਾਂ ਵਿਚ ਸਵੇਰੇ 9:00 ਵਜੇ ਤੋਂ ਦੁਪਹਿਰ 3:00 ਵਜੇ ਤਕ ਜਦੋਂ ਕਿ ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਵੇਰੇ 9:00 ਵਜੇ ਤੋਂ ਦੁਪਹਿਰ 3:20 ਵਜੇ ਤਕ ਕਲਾਸਾਂ ਹੋਣਗੀਆਂ। ਇਹ ਬਦਲਾਅ ਸਰਦੀਆਂ ਦੇ ਮੌਸਮ ਅਤੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰਖਦੇ ਹੋਏ ਕੀਤਾ ਗਿਆ ਹੈ। ਸਾਰੇ ਜ਼ਿਲ੍ਹਿਆਂ ਦੇ ਸਿਖਿਆ ਵਿਭਾਗਾਂ ਨੂੰ ਇਹ ਯਕੀਨੀ ਬਣਾਉਣ ਦੇ ਆਦੇਸ਼ ਜਾਰੀ ਕੀਤੇ ਹਨ ਕਿ ਸਕੂਲ ਨਿਰਧਾਰਤ ਸਮੇਂ ਅਨੁਸਾਰ ਚਲਣ। ਬਦਲਦੇ



ਮੌਸਮ ਵਿਚ ਬੱਚਿਆਂ ਨੂੰ ਠੰਢ ਤੋਂ ਬਚਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ, ਤਾਂ ਜੋ ਵਿਦਿਆਰਥੀਆਂ ਨੂੰ ਹੁਣ ਸਵੇਰੇ ਜਲਦੀ ਸਕੂਲ ਨਾ ਜਾਣਾ।

# ਬ੍ਰਾਜ਼ੀਲ ਵਿੱਚ ਡਰੱਗ ਮਾਫੀਆ ਦੇ ਇਲਾਕਿਆਂ ਵਿੱਚ ਛਾਪੇਮਾਰੀ, 4 ਪੁਲੀਸ ਅਧਿਕਾਰੀਆਂ ਸਮੇਤ 64 ਵਿਅਕਤੀਆਂ ਦੀ ਮੌਤ

**ਬ੍ਰਾਜ਼ੀਲੀਆ।** ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਡਰੱਗ ਸੰਗਠਨ ਰੈਡ ਕਮਾਂਡ ਦੇ ਖਿਲਾਫ ਬੀਤੀ ਸਵੇਰੇ, 2,500 ਪੁਲੀਸ ਅਧਿਕਾਰੀਆਂ ਨੇ ਹੈਲੀਕਾਪਟਰ ਰਾਹੀਂ ਅਪਰਾਧੀਆਂ ਦੇ ਇਲਾਕਿਆਂ ਵਿੱਚ ਛਾਪਾ ਮਾਰਿਆ। ਜਿਵੇਂ ਹੀ ਪੁਲੀਸ ਟੀਮਾਂ ਅੱਗੇ ਵਧੀਆਂ, ਰੈਡ ਕਮਾਂਡ ਗਿਰੋਹ ਦੇ ਮੈਂਬਰਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਅਧਿਕਾਰੀਆਂ ਦੇ ਅਨੁਸਾਰ, ਗਿਰੋਹ ਨੇ ਸੜਕਾਂ ਤੇ ਬਲਦੇ ਬੈਰੀਕੇਡ ਲਗਾਏ ਅਤੇ ਪੁਲੀਸ ਨੂੰ ਰੋਕਣ ਲਈ ਡਰੋਨ ਤੋਂ ਬੰਬ ਸੁੱਟੇ। ਜਵਾਬੀ ਕਾਰਵਾਈ ਵਿੱਚ, ਪੁਲੀਸ ਨੇ ਭਾਰੀ ਹਥਿਆਰਾਂ ਦੀ ਵਰਤੋਂ ਕੀਤੀ। ਇਸ ਝੜਪ ਵਿੱਚ ਘੱਟੋ-ਘੱਟ 64 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਚਾਰ ਪੁਲੀਸ ਕਰਮਚਾਰੀ ਵੀ ਸ਼ਾਮਲ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਇੱਕ ਸਾਲ ਤੋਂ ਇਸ ਹਮਲੇ ਦੀ ਯੋਜਨਾ ਬਣਾ ਰਹੀ ਸੀ।



ਪੁਲੀਸ ਨੇ ਦਿਨ ਭਰ ਚੱਲੇ ਮੁਕਾਬਲੇ ਵਿੱਚ 80 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਕਾਰਵਾਈ ਨੇ ਨੇੜੇ ਰਹਿੰਦੇ ਲਗਭਗ 300,000 ਵਸਨੀਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ। ਲੋਕ ਸਥਿਤੀ ਨੂੰ ਯੁੱਧ ਖੇਤਰ ਦੱਸ ਰਹੇ ਹਨ। ਗੋਲੀਬਾਰੀ ਵਿੱਚ ਕਈ ਨਾਗਰਿਕ ਵੀ ਜ਼ਖਮੀ ਹੋਏ, ਜਦੋਂ ਕਿ ਕਈ ਸੜਕਾਂ ਬੰਦ ਹਨ। ਇਲ-ਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਦਿਨ ਭਰ ਗੋਲੀਆਂ ਅਤੇ ਧਮਾਕਿਆਂ ਦੀਆਂ ਆਵਾਜ਼ਾਂ ਗੂੰਜਦੀਆਂ ਰਹੀਆਂ, ਜਿਸ ਕਾਰਨ ਲੋਕ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲ ਸਕੇ। ਬ੍ਰਾਜ਼ੀਲ ਸਰਕਾਰ ਦੇ ਅਨੁਸਾਰ, ਇਸ ਖੇਤਰ ਨੂੰ ਰੈਡ ਕਮਾਂਡ ਲਈ ਇੱਕ ਮੁੱਖ ਅਧਾਰ ਮੰਨਿਆ ਜਾਂਦਾ ਹੈ। ਇਹ ਗਿਰੋਹ ਲੰਬੇ ਸਮੇਂ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ, ਹਥਿਆਰਾਂ ਦੀ ਸਪਲਾਈ ਅਤੇ ਤੱਟਵਰਤੀ ਮਾਰਗਾਂ ਦੇ ਨਿਯੰਤਰਣ ਲਈ ਜਾਣਿਆ ਜਾਂਦਾ ਹੈ। ਪੁਲੀਸ ਨੇ ਦੱਸਿਆ ਕਿ ਕਾਰਵਾਈ ਵਿੱਚ 200 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ, ਕਈ ਰਾਈਫਲਾਂ ਅਤੇ ਹੋਰ ਹਥਿਆਰ ਬਰਾਮਦ ਕੀਤੇ ਗਏ ਹਨ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਆਸਾਰਾਮ ਨੂੰ ਰਾਜਸਥਾਨ ਹਾਈ ਕੋਰਟ ਨੇ ਦਿੱਤੀ 6 ਮਹੀਨੇ ਦੀ ਜ਼ਮਾਨਤ

**ਜੋਧਪੁਰ ।** ਰਾਜਸਥਾਨ ਹਾਈ ਕੋਰਟ ਨੇ ਨਾਬਾਲਗ ਨਾਲ ਜਬਰ ਜਨਾਹ ਦੇ ਮਾਮਲੇ 'ਚ ਉਮਰ ਕੈਦ ਕੱਟ ਰਹੇ ਆਸਾਰਾਮ ਨੂੰ ਛੇ ਮਹੀਨੇ ਦੀ ਅੰਤ੍ਰਿਮ ਜ਼ਮਾਨਤ ਦਿੱਤੀ ਹੈ ਅਤੇ ਇਸ ਵਾਰ ਉਨ੍ਹਾਂ ਦੇ ਨਾਲ ਪੁਲਿਸ ਕਰਮਚਾਰੀ ਮੌਜੂਦ ਨਹੀਂ ਰਹਿਣਗੇ। ਕਾਰਜਕਾਰੀ ਚੀਫ਼ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਅਤੇ ਜਸਟਿਸ ਸੰਗੀਤਾ ਸ਼ਰਮਾ ਦੀ ਡਿਵੀਜ਼ਨ ਬੈਂਚ ਨੇ ਮੰਗਲਵਾਰ ਨੂੰ ਇਹ ਫ਼ੈਸਲਾ ਸੁਣਾਇਆ। ਜ਼ਿਕਰਯੋਗ ਹੈ ਕਿ ਆਸਾਰਾਮ ਨੇ ਸਿਹਤ ਦਾ ਹਵਾਲਾ ਦਿੰਦੇ ਹੋਏ ਅਦਾਲਤ ਵਿਚ ਜ਼ਮਾਲਤ ਪਟੀਸ਼ਨ ਦਾਇਰ ਕੀਤੀ ਸੀ। ਪਟੀਸ਼ਨ 'ਤੇ ਸੁਣਵਾਈ ਦੌਰਾਨ ਉਸ ਦੇ ਵਕੀਲ ਦੇਵਦੱਤ ਕਾਮਤ ਨੇ ਤਰਕ ਦਿੱਤਾ ਕਿ ਆਸਾਰਾਮ ਦੀ ਉਮਰ ਜ਼ਿਆਦਾ ਹੋ ਚੁੱਕੀ ਹੈ ਅਤੇ ਉਸ ਨੂੰ ਕਈ ਗੰਭੀਰ ਬਿਮਾਰੀਆਂ ਹਨ, ਜਿਸ ਦੇ ਲਈ ਲਗਾਤਾਰ ਇਲਾਜ ਦੀ ਜ਼ਰੂਰਤ ਹੈ। ਰਾਜਸਥਾਨ ਸਰਕਾਰ ਵੱਲੋਂ ਐਡੀਸ਼ਨਲ ਐਡਵੋਕੇਟ ਜਨਰਲ ਦੀਪਕ ਚੌਧਰੀ ਨੇ ਇਸ 'ਤੇ ਇਤਰਾਜ਼ ਪ੍ਰਗਟਾਇਆ। ਜਦਕਿ ਪੀੜਤਾ ਵੱਲੋਂ ਪੇਸ਼ ਹੋਏ ਐਡਵੋਕੇਟ ਪੀ.ਸੀ. ਸੋਲੰਕੀ ਨੇ ਕਿਹਾ ਕਿ ਦੋਸ਼ੀ ਵਿਅਕਤੀ ਨੂੰ ਰਾਹਤ ਦੇਣ ਨਿਆਂਇਕ ਸਿਧਾਂਤਾਂ ਦੇ ਖਿਲਾਫ਼ ਹੈ। ਸਾਰੇ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਛੇ ਮਹੀਨੇ ਦੀ ਅਸਥਾਈ ਜ਼ਮਾਨਤ ਮਨਜ਼ੂਰ ਕਰ ਦਿੱਤੀ। ਜ਼ਿਕਰਯੋਗ ਹੈ ਕਿ ਅਪ੍ਰੈਲ 2018 'ਚ ਜੋਧਪੁਰ ਦੀ ਇਕ ਵਿਸ਼ੇਸ਼ ਅਦਾਲਤ ਨੇ ਆਸਾਰਾਮ ਨੂੰ ਇਕ ਨਾਬਾਲਗ ਨਾਲ ਜਬਰ ਜਨਾਹ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਦੋਂ ਤੋਂ ਉਹ ਲਗਾਤਾਰ ਜੇਲ੍ਹ ਵਿਚ ਬੰਦ ਹੈ। ਲਗਭਗ 12 ਕੈਦ ਕੱਟਣ ਤੋਂ ਬਾਅਦ ਉਸ ਨੂੰ ਇਸ ਸਾਲ ਜਨਵਰੀ ਵਿਚ ਪਹਿਲੀ ਵਾਰ ਅੰਤ੍ਰਿਮ ਜ਼ਮਾਨਤ ਦਿੱਤੀ ਗਈ ਸੀ। ਜੋ ਛੇ ਮਹੀਨਿਆਂ ਬਾਅਦ ਖਤਮ ਹੋ ਗਈ ਸੀ ਅਤੇ ਉਸ ਨੇ 30 ਅਗਸਤ ਨੂੰ ਆਤਮ ਸਮਰਪਣ ਕਰ ਦਿੱਤਾ ਸੀ। ਹੁਣ ਹਾਈ ਕੋਰਟ ਨੇ ਉਸ ਨੂੰ ਛੇ ਮਹੀਨੇ ਦੀ ਹੋਰ ਜ਼ਮਾਨਤ ਦੇ ਦਿੱਤੀ ਹੈ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਚੰਡੀਗੜ੍ਹ ਦੇ ਸੇਵਾਮੁਕਤ ਡੀ ਐਸ ਪੀ ਨੇ 'ਆਪ' ਆਗੂ ਨੂੰ ਗੋਲੀ ਮਾਰੀ



**ਰੂਪਨਗਰ।** ਚੰਡੀਗੜ੍ਹ ਪੁਲੀਸ ਦੇ ਸੇਵਾਮੁਕਤ ਡੀ ਐਸ ਪੀ ਦਿਲਸ਼ੇਰ ਸਿੰਘ ਨੇ ਅੱਜ ਦੁਪਹਿਰ ਇੱਥੇ ਅਗਮਪੁਰ ਪਿੰਡ ਵਿਚ ਆਨੰਦਪੁਰ ਸਾਹਿਬ ਤੋਂ ਆਪ ਆਗੂ ਨਿਤਿਨ ਨੰਦਾ ਨੂੰ ਗੋਲੀ ਮਾਰ ਦਿੱਤੀ। ਸੇਵਾ-ਮੁਕਤ ਡੀ ਐਸ ਪੀ ਨੇ ਨੰਦਾ ਦੇ ਦੋ ਗੋਲੀਆਂ ਮਾਰੀਆਂ। ਆਪ ਆਗੂ ਨੂੰ ਆਨੰਦਪੁਰ ਦੇ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਨਿਤਿਨ ਨੰਦਾ ਇਸ ਤੋਂ ਪਹਿਲਾਂ ਰੂਪਨਗਰ ਵਿਚ ਸ਼ਿਵ ਸੈਨਾ ਆਗੂ ਸੀ ਤੇ ਮਗਰੋਂ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਿਆ। ਰੂਪਨਗਰ ਦੇ ਐਸ ਐਸ ਪੀ ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਦਿਲਸ਼ੇਰ ਸਿੰਘ ਦੀ ਨਿਤਿਨ ਨੰਦਾ ਨਾਲ ਕਿਸੇ ਜਾਇਦਾਦ ਦੇ ਵਿਵਾਦ ਨੂੰ ਲੈ ਕੇ ਪੁਰਾਣੀ ਦੁਸ਼ਮਣੀ ਸੀ। ਉਹਨਾਂ ਦੱਸਿਆ ਕਿ ਪਿੰਡ ਅਗਮਪੁਰ ਵਿੱਚ ਇੱਕ ਸਮਾਜਿਕ ਸਮਾਗਮ ਦੌਰਾਨ ਦੋਵਾਂ ਦੀ ਬਹਿਸ ਹੋਈ ਜਿਸ ਤੋਂ ਬਾਅਦ ਦਿਲਸ਼ੇਰ ਸਿੰਘ ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਨੰਦਾ ਤੇ ਗੋਲੀ ਚਲਾ ਦਿੱਤੀ। ਉਹਨਾਂ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਿਤਿਨ ਨੰਦਾ ਦੀ ਹਾਲਤ ਸਥਿਰ ਹੈ। ਆਨੰਦਪੁਰ ਸਾਹਿਬ ਪੁਲੀਸ ਨੇ ਦਿਲਸ਼ੇਰ ਸਿੰਘ ਵਿਰੁੱਧ ਇਰਾਦਾ ਕਤਲ ਦਾ ਕੇਸ ਦਰਜ ਕਰ ਲਿਆ ਹੈ।

# ਦਿੱਲੀ ਏਅਰਪੋਰਟ ਦੇ ਟਰਮੀਨਲ-3 'ਤੇ ਖੜ੍ਹੀ ਬੱਸ ਨੂੰ ਲੱਗੀ ਅੱਗ



**ਨਵੀਂ ਦਿੱਲੀ :** ਦਿੱਲੀ ਏਅਰਪੋਰਟ ਦੇ ਟਰਮੀਨਲ-3 'ਤੇ ਦੁਪਹਿਰ ਨੂੰ ਏਅਰ ਇੰਡੀਆ ਦੇ ਜਹਾਜ਼ ਤੋਂ ਕੁੱਝ ਦੂਰੀ 'ਤੇ ਖੜ੍ਹੀ ਇਕ ਬੱਸ 'ਚ ਅਚਾਨਕ ਅੱਗ ਲੱਗ ਗਈ। ਇਹ ਬੱਸ ਏਅਰ ਇੰਡੀਆ ਐਸਏਟੀਐਸ ਏਅਰਪੋਰਟ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਦੀ ਸੀ, ਜੋ ਕਈ ਏਅਰਲਾਈਨਜ਼ ਨੂੰ ਗਰਾਊਂਡ ਸਰਵਿਸ ਦਿੰਦੀ ਹੈ। ਅੱਗ ਲੱਗਣ ਦੇ ਸਮੇਂ ਬੱਸ 'ਚ ਕੋਈ ਯਾਤਰੀ ਮੌਜੂਦ ਨਹੀਂ ਸੀ। ਫਿਲਹਾਲ ਹੀ ਸਾਫ਼ ਨਹੀਂ ਹੋ ਸਕਿਆ ਇਸ ਘਟਨਾ 'ਚ ਕੋਈ ਜ਼ਖਮੀ ਹੋਇਆ ਹੈ ਜਾਂ ਨਹੀਂ। ਘਟਨਾ ਦਾ ਇਕ ਵੀਡੀਓਵੀ ਸਾਹਮਣੇ ਆਇਆ, ਜਿਸ 'ਚ ਬੱਸ ਬੁਰੀ ਨਾਲ ਅੱਗ ਦੀਆਂ ਲਪਟਾਂ ਵਿਚ ਘਿਰੀ ਹੋਈ ਦਿਖਾਈ ਦੇ ਰਹੀ ਹੈ। ਫਾਇਰ ਬ੍ਰਿਗੇਟ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾ ਲਿਆ। ਘਟਨਾ ਤੋਂ ਬਾਅਦ ਦਿੱਲੀ ਏਅਰਪੋਰਟ ਮੈਨੇਜਮੈਂਟ ਨੇ ਵੀ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੁਪਹਿਰ ਕਰੀਬ 12 ਵਜੇ ਇਕ ਗਰਾਊਂਡ ਹੈਂਡ-ਲੰਗ ਕੰਪਨੀ ਦੀ ਬੱਸ 'ਚ ਅਚਾਨਕ ਅੱਗ ਲੱਗ ਗਈ। ਏਅਰਪੋਰਟ ਦੀ ਫਾਇਰ ਫਾਈਟਿੰਗ ਟੀਮ ਨੇ ਤੁਰੰਤ ਕਾਰਵਾਈ ਕਰਦੇ ਹੋਏ ਕੁੱਝ ਹੀ ਮਿੰਟਾਂ 'ਚ ਅੱਗੇ 'ਤੇ ਕਾਬੂ ਪਾ ਲਿਆ। ਜਿਸ ਸਮੇਂ ਬੱਸ ਨੂੰ ਅੱਗ ਲੱਗੀ ਉਸ ਸਮੇਂ ਬੱਸ ਖੜ੍ਹੀ ਸੀ ਅਤੇ ਉਸ ਵਿਚ ਕੋਈ ਯਾਤਰੀ ਮੌਜੂਦ ਨਹੀਂ ਸੀ।

# ਕੈਨੇਡਾ 'ਚ ਪੰਜਾਬੀ ਗਾਇਕ ਚੰਨੀ ਨੱਟਣ ਦੇ ਘਰ ਗੋਲੀਬਾਰੀ



**ਕੈਨੇਡਾ।** ਕੈਨੇਡਾ ਵਿੱਚ ਲਾਰੈਂਸ ਦੇ ਕਰੀਬੀ ਗੈਂਗਸਟਰ ਗੋਲਡੀ ਢਿੱਲੋਂ ਨੇ ਪੰਜਾਬੀ ਗਾਇਕ ਚੰਨੀ ਨੱਟਨ ਦੇ ਘਰ 'ਤੇ ਗੋਲੀਆਂ ਚਲਾਉਣ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਇੱਕ ਪੋਸਟ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਹੈ, ਜਿਸ ਵਿੱਚ ਲਾਰੈਂਸ ਗੈਂਗ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ। ਗੈਂਗ ਨੇ ਪੋਸਟ ਵਿੱਚ ਕਿਹਾ ਹੈ ਕਿ ਇਹ ਗੋਲੀਬਾਰੀ ਚੰਨੀ ਨੱਟਨ ਦੀ ਗਾਇਕ ਸਰਦਾਰ ਖਹਿਰਾ ਨਾਲ ਵੱਧਦੀ ਨੇੜਤਾ ਕਾਰਨ ਹੋਈ ਹੈ। ਗਾਇਕ ਸਰਦਾਰ ਖਹਿਰਾ ਨਾਲ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਆਪਣੇ ਨੁਕਸਾਨ ਦਾ ਜ਼ਿੰਮੇਵਾਰ ਹੋਵੇਗਾ। ਇਸ ਤੋਂ ਪਹਿਲਾਂ, ਕੈਨੇਡਾ ਵਿੱਚ ਕਪਿਲ ਸ਼ਰਮਾ ਦੇ ਰੈਸਟੋਰੈਂਟ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ ਸੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਲੇਖਿਕਾ ਤੇ ਅਧਿਆਪਿਕਾ ਰਾਜਬੀਰ ਕੌਰ ਗਰੇਵਾਲ ਦਾ "ਰਾਜ ਆਈਕਨ ਐਵਾਰਡ" ਨਾਲ ਸਨਮਾਨ

**ਕੋਟਕਪੂਰਾਗੁਰਭਿੰਦਰ ਗੁਰੀ** ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਆਯੋਜਿਤ 18ਵਾਂ ਰਾਜਪੱਧਰੀ ਪੁਰਸਕਾਰ ਸਮਾਰੋਹ ਅਤੇ ਵਿਰਾਸਤ ਮੇਲਾ - 2025 ਇਸ ਸਾਲ 28 ਅਕਤੂਬਰ ਨੂੰ "ਲਵ ਪੰਜਾਬ ਫਾਰਮ", ਕੋਟਕਪੂਰਾ (ਫਰੀਦਕੋਟ ) ਵਿਖੇ ਸ਼ਾਨ ਨਾਲ ਕਰਵਾਇਆ ਗਿਆ। ਇਸ ਸੂਬਾ ਪੱਧਰੀ ਸਮਾਰੋਹ ਦੌਰਾਨ ਰਾਜ ਦੇ ਵਿਭਿੰਨ ਖੇਤਰਾਂ ਵਿੱਚ ਕਾਬਲ-ਏ-ਤਾਰੀਫ਼ ਯੋਗਦਾਨ ਪਾਉਣ ਵਾਲੀਆਂ ਹਸਤੀਆਂ ਨੂੰ ਰਾਜ ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਸਾਲ ਦਾ "IAWC ਸਟੇਟ ਆਈਕਨ ਐਵਾਰਡ - 2025" ਰਾਜਬੀਰ ਕੌਰ ਗਰੇਵਾਲ ਨੂੰ ਪ੍ਰਦਾਨ ਕੀਤਾ ਗਏ, ਜਿਨ੍ਹਾਂ ਨੇ ਸਾਹਿਤ, ਭਾਸ਼ਾ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਦਵਤਾ, ਸੇਵਾ ਅਤੇ ਸਮਰਪਣ ਨਾਲ ਸਮਾਜਿਕ ਜਾਗਰੂਕਤਾ ਅਤੇ ਸੱਭਿਆਚਾਰਕ ਉਤਥਾਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਡਮ ਰਾਜਬੀਰ ਕੌਰ ਬੀਰ ਗਰੇਵਾਲ ਇੱਕ ਲੇਖਿਕਾ, ਕਵਿਤਰੀ ਦੇ ਨਾਲ ਨਾਲ ਇੱਕ ਸਟੇਜ ਐਂਕਰ, ਸੋਸ਼ਲ ਵਰਕਰ ਤੇ ਮੋਟੀਵੇਸ਼ਨਲ ਸਪੀਕਰ ਨਾਂ ਨਾਲ ਵੀ ਜਾਣੇ ਜਾਂਦੇ ਹਨ ਤੇ ਇੱਕ ਗੁਣ ਭਰਪੂਰ ਗੁਣਾਂ ਨਾਲ ਲੱਦੀ ਹੋਈ ਸ਼ਖ਼ਸੀਅਤ ਹਨ। ਦ੍ਰਿੜ ਇਰਾਦੇ ਵਾਲੀ ਸ਼ਖ਼ਸੀਅਤ ਨੂੰ ਸਾਰਿਆਂ ਖੇਤਰਾਂ ਦੀਆਂ ਜਿੰਮੇਵਾਰੀਆਂ ਸਿਰ ਪੈਣ ਕਰਕੇ ਬੜੀ ਸੂਝਬੂਝ ਦੇ ਨਾਲ ਨਿਭਾਉਂਦਿਆਂ ਦੇਖਿਆ ਗਿਆ । ਮੈਡਮ ਰਾਜਬੀਰ ਕੌਰ ਗਰੇਵਾਲ 'ਲਿਖ ਨੀਂ ਕਲਮੇਂ ਮੇਰੀਏ' ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਵਿੱਚ ਪਾ




ਚੁੱਕੇ ਹਨ ,ਜਿਸ ਵਿੱਚ ਸਮਾਜ਼ ਦੇ ਰਿਸ਼ਤਿਆਂ ਨੂੰ ਬਖ਼ੂਬੀ ਵੱਖ ਵੱਖ ਸਹੀ ਦਿਸ਼ਾ ਨਾਲ ਵਿਖਾਇਆ ਗਿਆ ਹੈ। ਤੀਆਂ ਦੇ ਤਿਉਹਾਰ ਦੇ ਸਮੇਂ ਸਹਿਤ ਸਭਾ ਚ ਪੰਜਾਬ ਦੇ ਲੋਕ ਰੰਗ ਗਿੱਧੇ ਨੂੰ ਸੰਭਾਲਣ ਦਾ ਯਤਨ ਕਰਨਾਂ ਵੱਖ ਵੱਖ ਮੁਟਿਆਰਾਂ ਨੂੰ ਬੁਲਾਕੇ ਗਿੱਧੇ ਦੇ ਪਿੜ ਨੂੰ ਬਖ਼ੂਬੀ ਤਨ ਦੇਹੀ ਨਾਲ ਨਿਭਾਇਆ ਹੈ । ਜੇ ਰਾਜਬੀਰ ਬੀਰ ਗਰੇਵਾਲ ਦੇ ਸਨਮਾਨਾਂ ਦੀ ਗੱਲ ਕਰੀਏ ਤਾਂ ਇੱਕ ਲੰਬੀ ਲਿਸਟ ਬਣ ਜਾਵੇਗੀ। ਖ਼ਾਲਸਾ ਕਾਲਜ ਮੈਨੇਜਮੈਂਟ ਅਧੀਨ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਉੱਦਮੀ ਅਧਿਆਪਕ ਮੈਡਮ ਰਾਜਬੀਰ ਕੌਰ ਜੀ ਗਰੇਵਾਲ ਨੂੰ ਸਿੱਖਿਆ , ਸਾਹਿਤ ਅਤੇ ਸਮਾਜ ਵਿੱਚ ਸ਼ਲਾਘਾਯੋਗ ਸੇਵਾਵਾਂ ਬਦਲੇ ਵੱਖ ਵੱਖ ਸੰਸਥਾਵਾਂ ਵੱਲੋਂ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੇ ਸਨਮਾਨਿਤ ਕੀਤਾ ਜਾ ਚੁੱਕਿਆ ਹੈ । ਜ਼ਿਕਰਯੋਗ ਹੈ ਕਿ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਰਾਜ ਪੁਰਸਕਾਰ ਲਈ ਮੈਡਮ ਰਾਜਬੀਰ ਗਰੇਵਾਲ ਦੀ ਚੋਣ ਆਪ ਦੁਆਰਾ ਕੀਤੇ ਜਾਂਦੇ ਸ਼ਲਾਘਾਯੋਗ ਕਾਰਜਾਂ , ਵਿਸ਼ੇਸ਼ ਉਪਰਾਲਿਆਂ, ਅਧਿਆਪਨ ਤਜਰਬੇ ,ਸਾਹਿਤ ਤੇ ਸਮਾਜ ਸੇਵਾਵਾਂ ਆਧਾਰਿਤ ਕੀਤੀ ਗਈ। ਇਹ ਰਾਜ ਪੁਰਸਕਾਰ ਪ੍ਰਸਿੱਧ ਲੋਕ ਗਾਇਕ ਸਰਬਜੀਤ ਚੀਮਾ ਜੀ ਵੱਲੋਂ ਪ੍ਰਦਾਨ ਕੀਤਾ ਗਿਆ। ਸਮਾਰੋਹ ਦੇ ਮੁੱਖ ਮਹਿਮਾਨ ਸ. ਮਨਜੀਤ ਸਿੰਘ ਬਰਾੜ (IAS) ਮੰਡਲ ਕਮਿਸ਼ਨਰ ਫਰੀਦਕੋਟ ਹੋਣਗੇ, ਵਿਸ਼ੇਸ਼ ਮਹਿਮਾਨ ਸੁੱਚਾ ਸਿੰਘ ਅਰਜੁਨਾ ਐਵਾਰਡੀ ਹੋਣਗੇ ਜਦਕਿ ਪ੍ਰੋਗਰਾਮ ਦੀ ਯੋਗ ਅਗਵਾਈ ਅਤੇ ਪ੍ਰਧਾਨਗੀ ਪ੍ਰੋ. ਭੋਲਾ ਯਮਲਾ ਚੇਅਰਮੈਨ ਇੰਡਿਕ ਆਰਟਸ ਵੈਲਫੇਅਰ ਕੌਂਸਲ ਅਤੇ ਸੰਸਥਾ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ ਵੱਲੋਂ ਕੀਤੀ ਗਈ। ਸੰਸਥਾ ਦੇ ਜਨਰਲ ਸਕੱਤਰ ਰਿਦਮਜੀਤ , ਕੌਮੀ ਕਨਵੀਨਰ ਇਕਬਾਲ ਸਿੰਘ ਸਹੋਤਾ ਤੇ ਕਨਵੀਨਰ ਗੁਰਮੀਤ ਬੱਬੀ ਬਾਜਾਖਾਨਾ ਨੇ ਦੱਸਿਆ ਕਿ ਇੰਡਿਕ ਆਰਟਸ ਵੈਲਫੇਅਰ ਕੌਂਸਲ ਦੇਸ਼ ਦੀ ਪ੍ਰਮੁੱਖ ਸੰਸਥਾ ਹੈ, ਜੋ ਕਲਾਕਾਰਾਂ, ਅਧਿਆਪਕਾਂ, ਸੰਗੀਤਕਾਰਾਂ, ਵਿਦਿਆਰਥੀਆਂ, ਮਹਿਲਾਵਾਂ ਅਤੇ ਵਿਸ਼ੇਸ਼ ਯੋਗ ਵਿਅਕਤੀਆਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਸੰਸਥਾ ਦਾ ਮਕਸਦ ਪੰਜਾਬ ਦੀ ਸੱਭਿਆਚਾਰਕ ਵਿਰਾਸਤ, ਕਲਾ ਅਤੇ ਭਾਸ਼ਾਈ ਪਛਾਣ ਨੂੰ ਸੰਭਾਲਣਾ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ।

# ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਦੋ ਰੋਜ਼ਾ ਬਲਾਕ ਪੱਧਰੀ ਖੇਡਾਂ ਰਾਜਗੜ੍ਹ ਦੇ ਖੇਡ ਗ੍ਰਾਊਂਡ 'ਚ ਸ਼ੁਰੂ

**ਰਾਏਕੋਟ, (ਗੁਰਭਿੰਦਰ ਗੁਰੀ)** ਸੂਬਾ ਸਰਕਾਰ ਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਤੇ ਬੀਪੀਈਓ ਇਤਬਾਰ ਸਿੰਘ ਦੇ ਦਿਸ਼ਾ ਨਿਰਦੇਸ਼ਾ, ਬਲਾਕ ਖੇਡ ਕੋਆਰਡੀਨੇਟਰ ਸੀਐੱਚਟੀ ਜੰਗਪਾਲ ਸਿੰਘ ਦੱਧਾਹੂਰ, ਸੀਐੱਚਟੀ ਰਾਜਮਿੰਦਰਪਾਲ ਸਿੰਘ ਪਰਮਾਰ ਸਹਿਬਾਜਪੁਰਾ ਤੇ ਸਕੂਲ ਇੰਚਾਰਜ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਅੱਜ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਦੋ ਰੋਜ਼ਾ ਬਲਾਕ ਪੱਧਰੀ ਖੇਡਾਂ ਨਜਦੀਕੀ ਪਿੰਡ ਰਾਜਗੜ੍ਹ ਦੇ ਖੇਡ ਗ੍ਰਾਊਂਡ 'ਚ ਸ਼ੁਰੂ ਹੋਈਆਂ। ਇਸ ਦੀ ਸ਼ੁਰੂਆਤ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋ ਰੀਬਨ ਕੱਟਕੇ ਕੀਤੀ ਗਈ। ਉਨ੍ਹਾਂ ਖੇਡਾਂ ਦੀ ਸ਼ੁਰੂਆਤ ਸਮੇਂ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਪ੍ਰਫੁੱਲਿਤ ਕਰਨ ਅਤੇ ਬੱਚਿਆਂ, ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਨੇ ਖੇਡ ਖੇਤਰ ਲਈ ਬਜਟ ਵਿੱਚ ਇਤਿਹਾਸਕ ਵਾਧਾ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਣ ਲਈ ਸੁਵਿਧਾਜਨਕ ਅਤੇ ਬਿਹਤਰ ਮਾਹੌਲ ਦੇਣ ਲਈ ਸੂਬੇ ਵਿੱਚ 3000 ਤੋਂ ਵੱਧ ਖੇਡ ਮੈਦਾਨ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਕ੍ਰਾਂਤੀ ਲਿਆਉਣ ਲਈ ਖੇਡ ਬੁਨਿਆਦੀ ਢਾਂਚੇ ਦੇ ਮਜ਼ਬੂਤੀ ਕਰਨ ਵੱਲ ਵਿਸ਼ੇਸ਼ ਤਵਜੋਂ ਦਿੱਤੀ ਜਾ ਰਹੀ ਹੈ। ਇਸ ਦੌਰਾਨ ਵੱਖ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਬੱਚਿਆਂ ਵੱਲੋਂ ਵਧ ਚੜਕੇ ਭਾਗ ਲਿਆ ਗਿਆ। ਇਸ ਮੌਕੇ ਸਰਪੰਚ ਗੁਰਗੀਤ ਕੌਰ, ਸੁਖਵਿੰਦਰ ਸਿੰਘ, ਸਮਾਜ ਸੇਵੀ ਜਰਨੈਲ ਸਿੰਘ ਯੂਐਸਏ, ਪੰਚ ਗੁਰਪ੍ਰੀਤ ਸਿੰਘ, ਪੰਚ ਜਸਵੰਤ ਸਿੰਘ, ਪੰਚ ਹਰਭੋਲ ਸਿੰਘ, ਪੰਚ ਗੁਰਮੀਤ ਕੌਰ, ਪੰਚ ਗੁਰਦੀਪ ਕੌਰ, ਸੀਐੱਚਟੀ ਬਲਜੀਤ ਸਿੰਘ ਲੋਹਟਬੱਦੀ, ਬਲਵਿੰਦਰ ਸਿੰਘ ਤਲਵੰਡੀ, ਗੁਰਬਿੰਦਰ ਕੌਰ





ਬੱਸੀਆਂ, ਬਲਵਿੰਦਰ ਸਿੰਘ ਮਾਣੂੰਕੇ (ਸਾਰੇ ਸੀਐੱਚਟੀ), ਸੈਂਟਰ ਇੰਚਾਰਜ ਅਜੈ ਕੁਮਾਰ ਡਾਬਰ ਰਾਏਕੋਟ, ਸੁਭਾਸ਼ ਗੋਇਲ, ਰਣਜੀਤ ਸਿੰਘ ਕਮਾਲਪੁਰਾ, ਸ਼ਿੰਗਾਰਾ ਸਿੰਘ, ਅਸ਼ੀਸ ਉੱਪਲ, ਸੰਜੀਵ ਕੁਮਾਰ, ਸੁਖਰਾਜ ਸਿੰਘ ਸਿਵੀਆਂ, ਰਾਕੇਸ਼ ਮਿੱਤਲ, ਗੁਰਸੇਵਕ ਗੁਰਦੀਪ ਸਿੰਘ, ਹਾਕਮ ਸਿੰਘ, ਅਵਤਾਰ ਸਿੰਘ, ਹਰਿੰਦਰ ਸਿੰਘ, ਬਿਕਰਮਜੀਤ ਸਿੰਘ, ਜਗਜੀਤ ਸਿੰਘ, ਭਾਰਤ ਭੂਸ਼ਣ, ਗੁਰਦੀਪ ਸਿੰਘ, ਸਿੰਘ, ਕੁਲਦੀਪ ਕੌਰ ਗੋਬਿੰਦਗੜ੍ਹ, ਕਮਲਪ੍ਰੀਤ ਕੌਰ ਗੋਂਦਵਾਲ, ਮਨਪ੍ਰੀਤ ਕੌਰ ਰਾਜਗੜ੍ਹ, ਕਮਲਜੀਤ ਕੌਰ ਸ਼ਹਿਬਾਜਪੁਰਾ, ਅਮਰਜੀਤ ਕੌਰ ਜਲਾਲਦੀਵਾਲ, ਜਸਵੀਰ ਸਿੰਘ ਰੂਪਾਪੱਤੀ, ਚਾਹਤ ਗੋਠਵਾਲ, ਕੁਲਵਿੰਦਰ ਕੌਰ ਮੈਡਮ ਯਾਚਨਾ, ਰਾਜਨ ਸਿੰਘ ਕਲਸੀਆਂ, ਦੁਪਿੰਦਰਪਾਲ ਕੌਰ ਗੋਂਦਵਾਲ, ਹਰਿੰਦਰ ਸਿੰਘ ਬੱਸੀਆਂ, ਗੁਰਮੀਤ ਸਿੰਘ ਦੱਧਾਹੂਰ, ਗੁਰਪ੍ਰੀਤ ਸਿੰਘ ਸਹਿਬਾਜਪੁਰਾ, ਗੁਰਸੇਵਕ ਸਿੰਘ ਤਲਵੰਡੀ ਰਾਏ, ਸੁਖਬੀਰ ਕੌਰ ਸਖਾਣਾ, ਜਸਵੀਰ ਸਿੰਘ ਚੱਕ ਭਾਈਕਾ, ਹਾਕਮ ਸਿੰਘ ਲੋਹਟਬੱਦੀ, ਕੁਲਵਿੰਦਰ ਕੌਰ ਬੁਰਜ ਹਰੀ ਸਿੰਘ, ਸੌਦਾਗਰ ਸਿੰਘ, ਦੇਵ ਕ੍ਰਿਸ਼ਨ ਹਠੂਰ, ਜਸਪ੍ਰੀਤ ਸਿੰਘ ਸ਼ਾਹਜਹਾਨਪੁਰ, ਜਤਿੰਦਰ ਕੌਰ ਲੋਹਟਬੱਦੀ, ਪਰਮਿੰਦਰ ਸਿੰਘ ਰਾਜਗੜ੍ਹ, ਨਾਮਪ੍ਰੀਤ ਸਿੰਘ, ਪਰਮਿੰਦਰ ਸਿੰਘ, ਹਰਭਜਨ ਕੌਰ, ਬਲਵਿੰਦਰ ਸਿੰਘ ਡੀਪੀਈ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜ਼ਰ ਸਨ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਬਜਟ ਵਿੱਚ ਆਮਦਨ ਵਾਧੇ ਦੀ ਸੰਭਾਵਨਾ ਤੋਂ ਕੀਤਾ ਇਨਕਾਰ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**-ਬਰਤਾਨੀਆ ਦੇ ਪ੍ਰਧਾਨ ਮੰਤਰੀ ਅਤੇ ਲੇਬਰ ਲੀਡਰ ਕੀਰ ਸਟਾਰਮਰ ਨੇ ਅੱਜ ਬੁੱਧਵਾਰ ਨੂੰ ਸੰਸਦ ਵਿੱਚ ਬਜਟ ਦੌਰਾਨ ਆਮਦਨ ਟੈਕਸ ਵਾਧੇ ਦੀ ਸੰਭਾਵਨਾ ਤੋਂ ਇਨਕਾਰ ਕੀਤਾ, ਪਰ ਇਸ ਸਵਾਲ ਤੋਂ ਵੀ ਬਚੇ ਕਿ ਕੀ ਪਾਰਟੀ ਵੈਟ ਜਾਂ ਰਾਸ਼ਟਰੀ ਬੀਮਾ ਵਧਾਏਗੀ। ਇਸ ਦੌਰਾਨ, ਉਨ੍ਹਾਂ ਨੇ ਬਜਟ ਸੰਬੰਧੀ ਸਪੱਸ਼ਟ ਜਵਾਬ ਦੇਣ ਦੀ ਬਜਾਏ ਅਰਥਵਿਵਸਥਾ ਦੇ ਸਮੀਖਿਆਕ ਰੁਝਾਨਾਂ ਦੀ ਗੱਲ ਕੀਤੀ।ਸਟਾਰਮਰ ਨੇ ਕਿਹਾ ਕਿ ਯੂਕੇ ਦੀ ਅਰਥਵਿਵਸਥਾ ਵਿੱਚ ਪ੍ਰਚੂਨ ਵਿਕਰੀ ਉਮੀਦ ਤੋਂ ਵੱਧ ਹੈ, ਮਹਿੰਗਾਈ ਘੱਟ



ਹੈ ਅਤੇ ਵਿਕਾਸ ਪੂਰਵ ਅਨੁਮਾਨਾਂ ਨਾਲੋਂ ਉੱਚਾ ਹੈ। ਉਨ੍ਹਾਂ ਨੇ ਓਬੀਆਰ (OBR) ਦੁਆਰਾ ਨਵੇਂ ਉਤਪਾਦਕਤਾ ਪੂਰਵ ਅਨੁਮਾਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੂਰਵ ਅਨੁਮਾਨਾਂ ਵਿੱਚ ਡਾਊਨਗ੍ਰੇਡ ਨੇ "ਟੋਰੀਜ਼ ਦੁਆਰਾ ਅਰਥਵਿਵਸਥਾ ਨੂੰ ਹੋਰ ਨੁਕਸਾਨ" ਪਹੁੰਚਾਇਆ ਹੈ।ਰਿਪੋਰਟਾਂ ਅਨੁਸਾਰ, ਇਹ ਡਾਊਨਗ੍ਰੇਡ £20 ਬਿਲੀਅਨ ਤੋਂ ਵੱਧ ਲਾਗਤ ਦਾ ਸੰਕੇਤ ਦਿੰਦਾ ਹੈ ਅਤੇ ਸਰਕਾਰ ਨੂੰ ਵਧੇਰੇ ਕਰਜ਼ੇ ਅਤੇ ਵਿਆਜ ਭੁਗਤਾਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੀਵਜ਼ ਨੇ £9.9 ਬਿਲੀਅਨ ਹੈੱਡਰੂਮ ਬਣਾਉਣ ਦੀ ਯੋਜਨਾ ਦੱਸੀ ਤਾਂ ਜੋ ਭਵਿੱਖ ਵਿੱਚ ਹੋਰ ਟੈਕਸ ਵਾਧੇ ਤੋਂ ਬਚਿਆ ਜਾ ਸਕੇ। ਬੁੱਧਵਾਰ ਦੌਰਾਨ ਸਟਾਰਮਰ ਨੇ ਕਾਮਿਆਂ ਦੇ ਅਧਿਕਾਰਾਂ ਦੇ ਸੁਧਾਰਾਂ ਬਾਰੇ ਸਵਾਲ ਤੋਂ ਵੀ ਇਨਕਾਰ ਕੀਤਾ ਅਤੇ ਕਿਹਾ, "ਅਸੀਂ ਟੋਰੀਜ਼ ਤੋਂ ਸਬਕ ਨਹੀਂ ਲੈ ਰਹੇ।" ਇਸ ਦੌਰਾਨ ਸਰਕਾਰ ਨੇ ਅੰਤਿਮ OBR ਪੂਰਵ ਅਨੁਮਾਨ ਦੀ ਉਡੀਕ ਕਰਨ ਦੀ ਗੱਲ ਵੀ ਦੱਸੀ, ਜੋ ਬਜਟ ਤੋਂ ਇੱਕ ਦਿਨ ਪਹਿਲਾਂ ਜਾਰੀ ਹੋਵੇਗਾ।

# ਇਤਿਹਾਸਿਕ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਦਿਨ ਦਿਹਾੜੇ ਚੱਲੀਆਂ ਗੋਲੀਆਂ

- **ਆਮ ਆਦਮੀ ਪਾਰਟੀ ਨਾਲ ਸੰਬੰਧ ਰੱਖਣ ਵਾਲੇ ਰਾਜਨੀਤਿਕ ਵਿਅਕਤੀ ਨਿਤਿਨ ਨੰਦਾ ਨੂੰ ਬਣਾਈਆ ਨਿਸ਼ਾਨਾ**
- **ਵਿਆਹ ਸਮਾਗਮ ਵਿੱਚ ਰੋਟੀ ਖਾਣ ਵਕਤ ਵਾਪਰਿਆ ਹਾਦਸਾ ਰੋਟੀ ਖਾਂਦੇ ਹੋਏ ਵਿਅਕਤੀ ਤੇ ਚਲਾਈਆਂ ਗੋਲੀਆਂ**

**ਰੂਪਨਗਰ /ਸ੍ਰੀ ਅਨੰਦਪੁਰ ਸਾਹਿਬ ( ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਅਨੰਦਪੁਰ ਸਾਹਿਬ ਦੇ ਨਜ਼ਦੀਕੀ ਪਿੰਡ ਅਗੰਮਪੁਰ ਵਿਖੇ ਅੱਜ ਦਿਨ ਦਿਹਾੜੇ ਇੱਕ ਰਾਜਨੀਤੀ ਅਤੇ ਕਾਰੋਬਾਰੀ ਵਿਅਕਤੀ ਉੱਤੇ ਗੋਲੀਆਂ ਚਲਾਈਆਂ ਗਈਆਂ ਸੂਚਨਾ ਪ੍ਰਾਪਤ ਮੌਕੇ ਤੇ ਇਕੱਠੀ ਜਾਣਕਾਰੀ ਮੁਤਾਬਿਕ ਪਤਾ ਲੱਗਿਆ ਹੈ ਕਿ 2 ਗੋਲੀਆਂ ਚਲਾਈਆਂ ਗਈਆਂ ਜਿਸ ਦਾ ਸ਼ਿਕਾਰ ਨਿਤਿਨ ਨੰਦਾ ਹੋਇਆ ਹੈ ਡਾਕਟਰਾਂ ਦੀ ਜਾਣਕਾਰੀ ਦੇ ਮੁਤਾਬਕ ਨਿਤਿਨ ਨੰਦਾ ਨੂੰ ਜ਼ੇਰੇ ਇਲਾਜ ਸ਼੍ਰੀ ਅਨੰਦਪੁਰ ਸਾਹਿਬ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ ਜਿੱਥੇ ਡਾਕਟਰ ਮੁਢਲੀ ਜਾਂਚ ਕਰ ਰਹੇ ਹਨ ਡਾਕਟਰਾਂ ਦੇ ਮੁਤਾ-ਬਕ ਸਿਰ ਦੇ ਵਿੱਚ ਨਿਸ਼ਾਨ ਹੈ ਜਿਸ ਨੂੰ ਜਲਦ ਮੁਢਲੀ ਸਹਾਇਤਾ ਦੇ ਕੇ ਪੀਜੀਆਈ ਰੈਫਰ ਕਰ ਦਿੱਤਾ ਗਿਆ ਹੈ ਬਾਕੀ ਪੁਲਿਸ ਜਾਂਚ ਵਿੱਚ ਜੁਟੀ ਹੋਈ ਹੈ ਕਿ ਇਹ ਆਪਸੀ ਕੋਈ ਰੰਜਿਸ਼ ਦਾ ਮਾਮਲਾ ਹੈ ਜਾਂ ਕੋਈ ਹੋਰ ਮਾਮਲਾ ਸਾਹ-ਮਣੇ ਆਉਂਦਾ ਹੈ। ਦੱਸਿਆ ਜਾਂਦਾ ਹੈ ਕਿ ਨਿਤਿਨ ਨੰਦਾ ਸਾਬਕਾ ਸ਼ਿਵ ਸੈਨਾ ਪ੍ਰਧਾਨ





ਜਿਲ੍ਹਾਂ ਰੋਪੜ੍ਹ ਅਤੇ ਪਹਿਲਾਂ ਆਜ਼ਾਦ ਉਮੀਦਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਵਜੋਂ ਵੀ ਅਨੰਦਪੁਰ ਸਾਹਿਬ ਹਲਕੇ ਤੋਂ ਚੋਣ ਲੜ ਚੁੱਕੇ ਹਨ ਅਤੇ ਮੌਜੂਦਾ ਉਪ ਪ੍ਰਧਾਨ ਜਿਲ੍ਹਾਂ ਰੋਪੜ੍ਹ ਆਮ ਆਦਮੀ ਪਾਰਟੀ ਦਾ ਅਹੁਦਾ ਹੈ ਅਤੇ ਪਹਿਲਾਂ ਆਜ਼ਾਦ ਉਮੀਦਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਵਜੋਂ ਵੀ ਅਨੰਦਪੁਰ ਸਾਹਿਬ ਹਲਕੇ ਤੋਂ ਲੜ ਚੁੱਕੇ ਹਨ ਚੋਣ ਇਸ ਮੌਕੇ ਤੇ ਥਾਣਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਾਮਲਾ ਦਰਜ ਕੀਤਾ ਗਿਆ ਜਾਣਕਾਰੀ ਦਿੰਦੇ ਹੋਏ ਗੁਰਦੀਪ ਸਿੰਘ ਗੋਸਲ ਐਸਪੀ ਰੂਪਨਗਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਏ ਦੱਸਿਆ ਕਿ ਨਿਤਿਨ ਨੰਦਾ ਤੇ ਗੋਲੀ ਚਲਾਉਣ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਜਿਸ ਵਿੱਚ ਤਿੰਨ ਵਿਅਕਤੀਆਂ ਦਾ ਨਾਮ ਆਇਆ ਹੈ ਜਿਸ ਵਿੱਚ ਦੋ ਵਿਅਕਤੀ ਬਾਈ ਨੇਮ ਅਤੇ ਇੱਕ ਵਿਅਕਤੀ ਨਾਮਮਾਲੂਮ ਹੈ।ਇਸ ਮੌਕੇ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਦੱਸਿਆ ਕੇ ਦੋਸ਼ੀਆਂ ਨੂੰ ਪੁਲਿਸ ਵਲੋਂ ਜਲਦੀ ਹਿਰਾਸਤ ਵਿਚ ਲੈ ਕੇ ਉਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀ ਸੈਕਸ ਅਪਰਾਧੀ ਨੂੰ ਯੂ.ਕੇ ਛੱਡਣ ਲਈ £500 ਦਿੱਤੇ ਜਾਣ ਦਾ ਜਨਤਕ ਵਿਰੋਧ

**ਲੈਸਟਰ(ਇੰਗਲੈਂਡ)(ਸੁਖਜਿੰਦਰ ਸਿੰਘ ਢੱਡੇ)-** ਯੂ. ਕੇ ਸਰਕਾਰ ਨੇ ਇੱਕ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀ ਸੈਕਸ ਅਪਰਾਧੀ ਨੂੰ ਬ੍ਰਿਟੇਨ ਛੱਡਣ ਲਈ £500 ਦਾ ਭੁਗਤਾਨ ਕੀਤਾ, ਜਿਸ ਨਾਲ ਰਾਜਨੀਤਿਕ ਤੇ ਜਨਤਕ ਗੁੱਸਾ ਵਧ ਗਿਆ ਹੈ। ਹਦੁਸ਼ ਕੇਬਾਟੂ ਨਾਮਕ ਇਹ ਵਿਅਕਤੀ ਇਥੋਪੀਆ ਭੇਜਿਆ ਗਿਆ ਸੀ, ਜਦੋਂ ਉਸਨੇ ਆਪਣੀ ਰਵਾਨਗੀ ਵਿੱਚ ਵਿਘਨ ਪਾਉਣ ਦੀ ਧਮਕੀ ਦਿੱਤੀ ਸੀ।

ਗ੍ਰਹਿ ਸਕੱਤਰ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਉਹ ਇਸ "ਗਲਤ ਰਿਹਾਈ" 'ਤੇ ਜਨਤਾ ਦੇ ਗੁੱਸੇ ਨੂੰ ਸਾਂਝਾ ਕਰਦੀ ਹੈ ਅਤੇ ਕੇਬਾਟੂ ਨੂੰ ਯੂਕੇ ਤੋਂ ਹਟਾਉਣ ਲਈ "ਹਰ ਕਦਮ ਚੁੱਕਿਆ" ਗਿਆ।

ਸਰਕਾਰੀ ਸੂਤਰਾਂ ਅਨੁਸਾਰ, ਇਹ ਨਕਦੀ ਭੁਗਤਾਨ ਮੰਤਰੀਆਂ ਨਹੀਂ ਸਗੋਂ ਹਟਾਉਣ ਵਾਲੀ ਟੀਮਾਂ ਨੇ ਕੀਤਾ ਸੀ ਤਾਂ ਜੋ ਲੰਬੀ ਤੇ ਮਹਿੰਗੀ ਕਾਨੂੰਨੀ ਪ੍ਰਕਿਰਿਆ ਤੋਂ ਬਚਿਆ ਜਾ ਸਕੇ। ਕੇਬਾਟੂ ਨੂੰ ਪਿਛਲੇ ਹਫ਼ਤੇ ਐਚਐਮਪੀ ਚੈਮਸਫੋਰਡ ਜੇਲ੍ਹ ਤੋਂ ਗਲਤੀ ਨਾਲ ਰਿਹਾਅ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸਦੀ ਭਾਲ ਦੋ ਦਿਨ ਤੱਕ ਚੱਲੀ।

ਆਖ਼ਰਕਾਰ ਐਤਵਾਰ ਨੂੰ ਲੰਡਨ ਵਿੱਚ ਉਸਨੂੰ ਦੁਬਾਰਾ ਗ੍ਰਿਫਤਾਰ ਕਰਕੇ ਇਥੋਪੀਆ ਵਾਪਸ ਭੇਜਿਆ ਗਿਆ।

ਸਰਹੱਦੀ ਸੁਰੱਖਿਆ ਮੰਤਰੀ ਐਲੇਕਸ ਨੌਰਿਸ ਨੇ ਕਿਹਾ ਕਿ ਉਹ ਇਸ ਗੱਲ ਦੀ ਪੁਸ਼ਟੀ



ਨਹੀਂ ਕਰ ਸਕਦੇ ਕਿ ਕੇਬਾਟੂ ਨੂੰ ਨਕਦ ਭੁਗਤਾਨ ਮਿਲਿਆ ਸੀ ਜਾਂ ਨਹੀਂ, ਹਾਲਾਂਕਿ ਇਹ ਪ੍ਰਥਾ ਕਈ ਵਾਰ ਟੈਕਸਦਾਤਾਵਾਂ ਦੇ ਪੈਸੇ ਬਚਾਉਣ ਲਈ ਵਰਤੀ ਜਾਂਦੀ ਹੈ। ਇਹ ਖੁਲਾਸਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ "ਦ ਇੰਡੀਪੈਂਡੈਂਟ" ਨੇ ਦੱਸਿਆ ਸੀ ਕਿ ਪਿਛਲੇ ਚਾਰ ਸਾਲਾਂ ਵਿੱਚ ਯੂਕੇ ਨੇ £53 ਮਿਲੀਅਨ ਪ੍ਰਵਾਸੀਆਂ ਨੂੰ ਸਵੈ-ਇੱਛਤ ਵਾਪਸੀ ਯੋਜਨਾ ਤਹਿਤ ਦਿੱਤੇ ਹਨ, ਜਿਸਦੇ ਤਹਿਤ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾਣ ਲਈ £3,000 ਤੱਕ ਦੀ ਰਕਮ ਮਿਲ ਸਕਦੀ ਹੈ। ਕੇਬਾਟੂ, ਜਿਸਨੇ ਇਸ ਸਾਲ ਜੂਨ ਵਿੱਚ ਇੱਕ ਛੋਟੀ ਕਿਸ਼ਤੀ ਰਾਹੀਂ ਚੈਨਲ ਪਾਰ ਕਰਕੇ ਯੂਕੇ ਵਿੱਚ ਦਾਖਲ ਹੋਇਆ ਸੀ, ਨੇ ਏਸੈਕਸ ਦੇ ਏਪਿੰਗ ਦੇ ਇੱਕ ਹੋਟਲ ਵਿੱਚ 14 ਸਾਲ ਦੀ ਕੁੜੀ ਅਤੇ ਇੱਕ ਔਰਤ ਨਾਲ ਜਿਨਸੀ ਸ਼ੋਸ਼ਣ ਕੀਤਾ ਸੀ। ਇਸ ਘਟਨਾ ਤੋਂ ਬਾਅਦ ਹੋਟਲ ਦੇ ਬਾਹਰ ਵਿਰੋਧ ਪ੍ਰਦਰਸ਼ਨ ਹੋਏ ਸਨ।

ਗ੍ਰਹਿ ਦਫ਼ਤਰ ਨੇ ਘਟਨਾ ਦੀ ਸੁਤੰਤਰ ਜਾਂਚ ਦਾ ਐਲਾਨ ਕੀਤਾ ਹੈ। ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨੇ ਇਸਨੂੰ "ਅਸਵੀਕਾਰਯੋਗ ਮਨੁੱਖੀ ਗਲਤੀ" ਕਰਾਰ ਦਿੱਤਾ ਅਤੇ ਕਿਹਾ ਕਿ "ਸਾਨੂੰ ਇਹ ਜਾਣਣਾ ਚਾਹੀਦਾ ਹੈ ਕਿ ਗਲਤ ਕੀ ਹੋਇਆ।" ਮੌਜੂਦਾ ਵਿਵਾਦ ਨੇ ਸਰਕਾਰ 'ਤੇ ਛੋਟੀ ਕਿਸ਼ਤੀ ਰਾਹੀਂ ਯੂਕੇ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ 'ਤੇ ਕਾਬੂ ਪਾਉਣ ਦਾ ਦਬਾਅ ਵਧਾ ਦਿੱਤਾ ਹੈ।

# ਲਾਡੀ ਭੁੱਲਰ ਸਟੇਟ ਐਵਾਰਡ ਨਾਲ ਹੋਏ ਸਨਮਾਨਿਤ

**ਕਪੂਰਥਲਾ ( ਕੌੜਾ)-** ਪੰਜਾਬੀ ਸਾਹਿਤ ਦੇ ਖੇਤਰ 'ਚ ਆਪਣੀਆਂ ਕਹਾਣੀਆਂ, ਕਵਿਤਾਵਾਂ, ਰਚਨਾਵਾਂ, ਲਘੂ ਫਿਲਮਾਂ ਲਿਖਣ, ਪੰਜਾਬੀ ਵਿਰਾਸਤੀ ਕਾਇਦਾ ਤੇ ਕਿਤਾਬਾਂ ਰਾਹੀਂ ਪੰਜਾਬੀ ਸਾਹਿਤ 'ਚ ਵਡਮੁੱਲਾ ਯੋਗਦਾਨ ਪਾਉਣ ਲਈ ਲਾਡੀ ਸੁਖਜਿੰਦਰ ਕੌਰ ਭੁੱਲਰ ਨੂੰ ਇੰਡਕ ਆਰਟ ਵੈਲਫੇਅਰ ਕੌਂਸਲ ਵੱਲੋਂ ਕਰਵਾਏ ਗਏ ਪ੍ਰਭਾਵਸ਼ਾਲੀ ਸਮਾਗਮ ਵਿੱਚ 18ਵੇਂ ਸਟੇਟ ਐਵਾਰਡ -2025 ਨਾਲ ਸਨਮਾਨਿਤ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲਾਡੀ ਭੁੱਲਰ ਨੇ ਦੱਸਿਆ ਕਿ ਸਾਹਿਤਕਾਰਾਂ ਗਾਇਕਾਂ ਲੇਖਕਾਂ ਗੀਤਕਾਰਾਂ ਅਤੇ ਸਮਾਜ ਸੇਵੀ ਸ਼ਖਸ਼ੀਅਤਾਂ ਨੂੰ ਆਪਣੇ ਖੇਤਰ ਵਿੱਚ ਪਾਏ



ਲਾਡੀ ਭੁੱਲਰ ਦਾ ਸਟੇਟ ਐਵਾਰਡ ਨਾਲ ਸਨਮਾਨ ਕਰਦੇ ਹੋਏ ਪ੍ਰਬੰਧਕ।

ਯੋਗਦਾਨ ਲਈ ਪ੍ਰੋ ਭੋਲਾ ਯਮਲਾ ਡਾਇਰੈਕਟਰ, ਇਕਬਾਲ ਸਿੰਘ ਸਹੋਤਾ ਕੌਮੀ ਪ੍ਰਧਾਨ ਸਹਿਤ ਸੈਲ ਦੀ ਰਹਿਨੁਮਾਈ ਇੰਡਕ ਆਰਟ ਵੈਲਫੇਅਰ ਕੌਂਸਲ ਵੱਲੋਂ ਹਰ ਸਾਲ ਇਹ ਸਮਾਗਮ ਪ੍ਰਦਾਨ ਕੀਤੇ ਜਾਂਦੇ ਹਨ। ਇਸ ਵਾਰ ਕਮੇਡੀਅਨ ਦੇ ਮਸ਼ਹੂਰ ਕਲਾਕਾਰ ਘੁੱਲੇ ਸ਼ਾਹ ਅਤੇ ਸੰਸਥਾ ਦੇ ਡਾਇਰੈਕਟਰ ਪ੍ਰੋ. ਭੋਲਾ ਯਮਲਾ, ਇਕਬਾਲ ਸਹੋਤਾ ਨੇ ਸਾਹਿਤਕ ਸਟੇਟ ਐਵਾਰਡ ਲਾਡੀ ਭੁੱਲਰ ਦੀ ਝੋਲੀ ਪਾ ਕੇ ਮਾਣ ਬਖਸ਼ਿਆ ਹੈ। ਇਸ ਸਮੇਂ ਪ੍ਰਸਿੱਧ ਲੋਕ ਗਾਇਕ ਸਰਬਜੀਤ ਚੀਮਾ, ਗੁਰਚਰਨ ਕੌਰ ਕੋਚਰ, ਗੁਰਬ-ਾਜ ਗਿੱਲ, ਸਤਨਾਮ ਸਿੰਘ ਮੱਟੂ, ਜ਼ਿਲਾ ਪ੍ਰਧਾਨ ਹਰੀਸ਼ ਹਰਫ ਸਮਾਜ ਸੇਵੀ, ਭਗਵਾਨ ਦਾਸ ਗੁਪਤਾ, ਸ਼ਿਵ ਦਰਦੀ, ਆਦਿ ਵੀ ਹਾਜ਼ਰ ਸਨ।

# 47ਵੀਆਂ ਜ਼ਿਲ੍ਹਾ ਪੱਧਰੀ ਮਿੰਨੀ ਪ੍ਰਾਇਮਰੀ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਦਾ ਤਿੰਨ ਰੋਜ਼ਾ ਖੇਡ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸ਼ੁਰੂ

## ਉਦਘਾਟਨੀ ਮੈਚ ਕਬੱਡੀ ਨੈਸ਼ਨਲ ਸਟਾਈਲ (ਲੜਕੇ) ਵਿੱਚ ਕਪੂਰਥਲਾ -1 ਨੇ ਭੁਲੱਥ ਨੂੰ ਹਰਾਇਆ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ )-** ਸੰਤ ਬਾਬਾ ਲੀਡਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂਸਰ ਸਾਹਿਬ ਸੈਫਲਾਬਾਦ ਦੇ ਅਸ਼ੀਰਵਾਦ ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ) ਕਪੂਰਥਲਾ ਮੈਡਮ ਮਮਤਾ ਬਜਾਜ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ਡਾ. ਬਲਵਿੰਦਰ ਸਿੰਘ ਬੱਟੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਲਕਸ਼ਦੀਪ ਸ਼ਰਮਾ ਦੀ ਦੇਖ ਰੇਖ ਹੇਠ 47ਵੀਆਂ ਮਿੰਨੀ ਪ੍ਰਾਇਮਰੀ ਜ਼ਿਲ੍ਹਾ ਪੱਧਰੀ ਤਿੰਨ ਰੋਜ਼ਾ ਸਕੂਲ ਖੇਡ ਟੂਰਨਾਮੈਂਟ ਪਿੰਡ ਸੈਫਲਾਬਾਦ ਦੇ ਖੇਡ ਸਟੇਡੀਅਮ ਵਿਖੇ ਅੱਜ ਸ਼ਾਨੋ ਸ਼ੌਕਤ ਨਾਲ ਸ਼ੁਰੂ ਹੋ ਗਿਆ। ਟੂਰਨਾਮੇਂਟ ਦਾ ਰਸਮੀ ਉਦਘਾਟਨ ਮਹਾਤਮਾ ਮੁਨੀ ਜੀ ਨੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀ) ਕਪੂਰਥਲਾ ਮੈਡਮ ਮਮਤਾ ਬਜਾਜ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਪੂਰਥਲਾ ਡਾ. ਬਲਵਿੰਦਰ ਸਿੰਘ ਬੱਟੂ ਅਤੇ ਸਰਪੰਚ ਭਜਨ ਸਿੰਘ ਸੈਫਲਾਬਾਦ ਦੀ ਹਾਜ਼ਰੀ ਦੌਰਾਨ ਰਿਬਨ ਕੱਟ ਕੇ ਕੀਤਾ ਅਤੇ ਖ਼ਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।

ਉਦਘਾਟਨੀ ਮੈਚ ਕਬੱਡੀ ਨੈਸ਼ਨਲ ਸਟਾਈਲ (ਲੜਕੇ) ਵਿੱਚ ਕਪੂਰਥਲਾ -1 ਨੇ ਭੁਲੱਥ ਨੂੰ ਹਰਾਇਆ। ਜਦਕਿ ਕਬੱਡੀ ਨੈਸ਼ਨਲ ਸਟਾਈਲ (ਲੜਕੀਆਂ) ਵਿੱਚ ਫਗਵਾੜਾ 1 ਨੇ ਕਪੂਰਥਲਾ 1 ਨੂੰ ,ਖੋ ਖੋ(ਲੜਕਿਆਂ )ਵਿੱਚ ਕਪੂਰਥਲਾ 2 ਨੇ ਕਪੂਰਥਲਾ -1 ਨੂੰ,ਖੋ ਖੋ (ਲੜਕਿਆਂ ) ਵਿਚ ਮਸੀਤਾਂ ਨੇ ਕਪੂਰਥਲਾ 2 ਨੂੰ,ਸਰਕਲ ਸਟਾਈਲ ਕਬੱਡੀ (ਲੜਕੇ ) ਵਿੱਚ ਫਗਵਾੜਾ -2 ਨੇ ਫਗਵਾੜਾ -1, ਨੈਸ਼ਨਲ ਕਬੱਡੀ (ਲੜਕੀਆਂ) ਵਿੱਚ ਫਗਵਾੜਾ -1 ਨੇ ਕਪੂਰਥਲਾ-1 ਨੂੰ ਹਰਾਇਆ। ਇਸੇ ਪ੍ਰਕਾਰ ਨੈਸ਼ਨਲ ਕਬੱਡੀ (ਲੜਕੀਆਂ) ਫਗਵਾੜਾ -2 ਨੇ ਸੁਲਤਾਨਪੁਰ ਲੋਧੀ -1 ਨੂੰ,ਸਰਕਲ ਸਟਾਈਲ (ਲੜਕੇ) ਨਡਾਲਾ ਨੇ ਕਪੂਰਥਲਾ - 2 ਨੂੰ, ਨੈਸ਼ਨਲ ਸਰਕਲ ਸਟਾਈਲ (ਲੜਕਿਆਂ) ਕਪੂਰਥਲਾ -1



**ਸੈਫਲਾਬਾਦ ਵਿਖੇ ਸ਼ੁਰੂ ਹੋਈਆਂ 47 ਵੀਆਂ ਮਿੰਨੀ ਪ੍ਰਾਇਮਰੀ ਜ਼ਿਲ੍ਹਾ ਪੱਧਰੀ ਖੇਡ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਮਹਾਤਮਾ ਮੁਨੀ ਜੀ, ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਬਜਾਜ, ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਅਤੇ ਪ੍ਰਬੰਧਕ।**

ਨੇ ਭੁਲੱਥ ਨੂੰ, ਪੰਜਾਬ ਸਰਕਲ ਸਟਾਈਲ ਵਿੱਚ ਕਪੂਰਥਲਾ -1 ਨੇ ਸੁਲਤਾਨਪੁਰ ਲੋਧੀ -1 ਨੂੰ, ਟੀਮ ਯੋਗਾ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚ ਮਸੀਤਾਂ ਪਹਿਲੇ, ਕਪੂਰਥਲਾ -2 ਦੂਜੇ, ਕਪੂਰਥਲਾ -3 ਤੀਜੇ ਸਥਾਨ,ਟੀਮ ਯੋਗਾ ਲੜਕੀਆਂ ਵਿੱਚ ਫਗਵਾੜਾ -1ਪਹਿਲੇ, ਕਪੂਰਥਲਾ -2 ਦੂਜੇ, ਕਪੂਰਥਲਾ -3 ਤੀਜੇ ਸਥਾਨ ਤੇ ਰਹੇ। ਜਦਕਿ ਰਿਧਮਿਕ ਯੋਗਾ (ਲੜਕਿਆਂ) ਵਿੱਚ ਕਪੂਰਥਲਾ -2 ਪਹਿਲੇ, ਫਗਵਾੜਾ -1 ਦੂਜੇ, ਨਡਾਲਾ -1 ਤੀਜੇ,ਰਿਧਮਿਕ ਯੋਗਾ (ਲੜਕੀਆਂ) ਵਿੱਚ ਫਗਵਾੜਾ-1 ਪਹਿਲੇ, ਕਪੂਰਥਲਾ -2 ਦੂਜੇ, ਕਪੂਰਥਲਾ -1 ਤੀਜੇ,ਯੋਗਾ ਆਰਟਿਸਟਕ (ਲੜਕਿਆਂ) ਤੇ (ਲੜਕੀਆਂ) ਵਿੱਚ ਕਪੂਰਥਲਾ -2 ਪਹਿਲੇ ਤੇ ਦੂਜੇ ਸਥਾਨ ਤੇ ਰਹੇ।ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ ਤੇ ਸਰਬਜੀਤ ਸਿੰਘ ਭਗਤਪੁਰ ਨੇ ਸਾਂਝੇ ਤੌਰ ਤੇ ਨਿਭਾਈ। ਟੂਰਨਾਮੈਂਟ ਦੇ ਪਹਿਲੇ ਦਿਨ ਯੋਗਾ ਦੇ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਤੇ ਟੀਮਾਂ ਨੂੰ ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ, ਸਰਪੰਚ ਭਜਨ ਸਿੰਘ, ਮਨਜੀਤ ਸਿੰਘ ਫੰਜਰ ਦੁਆਰਾ ਮੈਡਲ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਪੂਰਥਲਾ - 1 ਰਜੇਸ਼ ਕੁਮਾਰ , ਬੀ ਪੀ ਈ ਓ ਕਪੂਰਥਲਾ - 2 ਸੰਜੀਵ ਕੁਮਾਰ ਹਾਂਡਾ ਸਰਪੰਚ ਭਜਨ ਸਿੰਘ ,ਚਰਨ ਸਿੰਘ ਕਲੱਬ ਪ੍ਰਧਾਨ, ਨੰਬਰਦਾਰ ਸਤਨਾਮ ਸਿੰਘ, ਮਨਜੀਤ ਸਿੰਘ ਫੰਝਰ , ਹਰਮੇਸ਼ ਸਿੰਘ, ਸ਼ਰਨਜੀਤ ਕੌਰ, ਸ਼ਿਗਾਰਾ ਸਿੰਘ, ਭਜਨ ਸਿੰਘ, ਬੀਬੀ ਸੁਖਵੰਤ ਕੌਰ, ਜੋਗਿੰਦਰ ਸਿੰਘ,ਜੈਮਲ ਸਿੰਘ, ਬਿਕਰਮਜੀਤ ਸਿੰਘ, ਦਵਿੰਦਰ ਸਿੰਘ,ਮੇਜਰ ਸਿੰਘ ਬੀ ਐੱਸ ਓ, ਲਕਸ਼ਦੀਪ ਸ਼ਰਮਾ ਜ਼ਿਲ੍ਹਾ ਖੇਡ ਕੋਆਰਡੀਨੇਟਰ, ਰਛਪਾਲ ਸਿੰਘ ਵੜੈਚ, ਰੋਸ਼ਨ ਲਾਲ,ਗੁਰਮੁੱਖ ਸਿੰਘ ਬਾਬਾ ਸਟੇਟ ਐਵਾਰਡੀ,ਮੁਨੱਜਾ ਇਰਸ਼ਾਦ, ਮਨਦੀਪ ਕੌਰ, ਕੁਲਦੀਪ ਕੌਰ, ਸੁਖਪਾਲ ਸਿੰਘ,ਹਰਜਿੰਦਰ ਸਿੰਘ, ਸਰਬਜੀਤ ਕੌਰ, ਕੋਮਲਪ੍ਰੀਤ ਕੌਰ, ਬਲਜੀਤ ਸਿੰਘ,ਰਵੀ ਵਾਹੀ, ਕੁਲਬੀਰ ਸਿੰਘ, ਹਰਵਿੰਦਰਜੀਤ ਕੌਰ, ਬਲਜੀਤ ਕੌਰ ਬਿਧੀਪੁਰ, ਨਿੰਮੀ ਰਾਣੀ, ਗੁਲਾਬ ਦੀਪ ਸਿੰਘ, ਜਸਵਿੰਦਰ ਸਿੰਘ ਸ਼ਿਕਾਰਪੁਰ, ਸੁਖਨਿੰਦਰ ਸਿੰਘ,ਅਜੈ ਸ਼ਰਮਾ ਅੱਲਦਾਦ ਚੱਕ, ਵੀਨੂੰ ਸੇਖੜੀ, ਰਜਿੰਦਰ ਸਿੰਘ, ਹਰਜਿੰਦਰ ਸਿੰਘ ਢੋਟ, ਮਨਜਿੰਦਰ ਸਿੰਘ ਠੱਟਾ, ਸਤਵਿੰਦਰ ਕੌਰ,ਪੰਕਜ ਮਰਵਾਹਾ, ਦਲਜੀਤ ਸਿੰਘ ਸੈਣੀ, ਭਗਤ ਫਗਵਾੜਾ, ਅਮਨਦੀਪ ਸਿੰਘ ਖਿੰਡਾ, ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ,ਪਵਨ ਕੁਮਾਰ ਜੋਸ਼ੀ ਬੀ ਆਰ ਸੀ, ਨਵਜੋਤ ਸਿੰਘ ਬੀ ਆਰ ਸੀ, ਗੁਰਪ੍ਰੀਤ ਸਿੰਘ ਮੰਗੂਪੁਰ ਬੀ ਆਰ ਸੀ, ਤਜਿੰਦਰ ਸਿੰਘ ਅਲੌਦੀਪੁਰ, ਅੰਮ੍ਰਿਤਪਾਲ ਸਿੰਘ , ਦਲਜੀਤ ਕੌਰ ਬਿਧੀਪੁਰ, ਮਨਪ੍ਰੀਤ ਕੌਰ ਧਾਲੀਵਾਲ ਦੋਨਾਂ, ਰਾਜਵਿੰਦਰ ਕੌਰ, ਹਰਜੀਤ ਕੌਰ, ਸੁਖਦੇਵ ਸਿੰਘ, ਪਰਮਿੰਦਰ ਸਿੰਘ, ਜਗਜੀਤ ਸਿੰਘ,ਨਿਰਮਲ ਸਿੰਘ ਸੋਢੀ, ਵਰਿੰਦਰ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਸਿੰਘ ਦੁਰਗਾਪੁਰ ਆਦਿ ਤੋਂ ਇਲਾਵਾ ਟੂਰਨਾਮੇਂਟ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ, ਮੈਂਬਰ, ਟੀਮ ਕਨਵੀਨਰ ਟੀਮਾਂ ਦੇ ਕੋਚ ਅਤੇ ਸੈਂਟਰ ਹੈੱਡ ਟੀਚਰ ਹਾਜ਼ਰ ਸਨ ।

# ਲਿਵਾਸਾ ਹਸਪਤਾਲ, ਨਵਾਂਸ਼ਹਿਰ ਨੇ ਟਰਾਮਾ ਟੀਮ ਦਾ ਐਲਾਨ ਕੀਤਾ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜਾਨਲੇਵਾ ਸਥਿਤੀਆਂ ਵਿੱਚ ਮਰੀਜ਼ਾਂ ਨੂੰ ਜਲਦੀ ਅਤੇ ਮਾਹਰ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਦੇ ਅਨੁਸਾਰ, ਲਿਵਾਸਾ ਹਸਪਤਾਲ, ਨਵਾਂਸ਼ਹਿਰ ਨੇ ਬੁੱਧਵਾਰ ਨੂੰ ਆਪਣੀ ਟਰਾਮਾ-ਰੈਡੀ ਟੀਮ ਦਾ ਐਲਾਨ ਕੀਤਾ, ਜੋ 24ਣ7 ਐਮਰਜੈਂਸੀ ਅਤੇ ਉੱਨਤ ਮਹੱਤਵਪੂਰਨ ਦੇਖਭਾਲ ਸੇਵਾਵਾਂ ਪ੍ਰਦਾਨ ਕਰੇਗੀ। ਹਸਪਤਾਲ ਦੀਆਂ ਟਰਾਮਾ ਅਤੇ ਐਮਰਜੈਂਸੀ ਸੇਵਾਵਾਂ ਸੀਨੀਅਰ ਸਲਾਹਕਾਰਾਂ ਅਤੇ ਮਾਹਰਾਂ ਦੀ ਇੱਕ ਬਹੁਤ ਹੀ ਤਜਰਬੇਕਾਰ ਟੀਮ ਦੁਆਰਾ ਸਮਰਥਤ ਹਨ, ਜੋ ਆਪਣੀ ਕਲੀਨਿਕਲ ਉੱਤਮਤਾ ਲਈ ਜਾਣੀਆਂ ਜਾਂਦੀਆਂ ਹਨ।

ਟੀਮ ਵਿੱਚ ਸੀਨੀਅਰ ਨਿਊਰੋ ਸਰਜਰੀ ਸਲਾਹਕਾਰ ਡਾ. ਗੌਰਵ ਰਾਏ ਸ਼ਰਮਾ ਸ਼ਾਮਲ ਹਨ , ਜੋ ਰੀੜ੍ਹ ਦੀ ਸਰਜਰੀ ਅਤੇ ਗੁੰਝਲਦਾਰ ਨਿਊਰੋਲੋਜੀਕਲ




ਟਰੌਮਾ ਵਿੱਚ ਮਾਹਰ ਹਨ । ਸੀਨੀਅਰ ਸਲਾਹਕਾਰ ਕ੍ਰਿਟੀਕਲ ਕੇਅਰ ਅਤੇ ਅਨੱਸਥੀਸੀਆ ਡਾ. ਸਮੀਰ ਸ਼ਰਮਾ, ਕ੍ਰਿਟੀਕਲ ਕੇਅਰ ਅਤੇ ਆਈਸੀਯੂ ਸੇਵਾਵਾਂ ਦੀ ਅਗਵਾਈ ਕਰਨਗੇ। ਟੀਮ ਦੇ ਹੋਰ ਮੈਂਬਰਾਂ ਵਿੱਚ ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਸਲਾਹਕਾਰ ਡਾ. ਸੁਨੀਲ ਗਰਗ, ਯੂਰੋਲੋਜੀ ਸਲਾਹਕਾਰ ਡਾ. ਅਮਿਤ ਸੰਧੂ, ਆਰਥੋਪੈਡਿਕਸ ਸਲਾਹਕਾਰ ਡਾ. ਆਕਾਸ਼ਦੀਪ ਸਿੰਘ, ਪਲਾਸਟਿਕ ਅਤੇ ਪੁਨਰ ਨਿਰਮਾਣ ਸਰਜਰੀ ਸਲਾਹਕਾਰ ਡਾ. ਆਸ਼ੀਸ਼ ਕੁੰਡਲ ਅਤੇ ਕ੍ਰਿਟੀਕਲ ਕੇਅਰ ਅਨੱਸਥੀਸੀਆ ਸਲਾਹਕਾਰ ਡਾ. ਅਨਿੰਦਰਦੀਪ ਵਾਂਡਰ ਸ਼ਾਮਲ ਹਨ।ਹਰੇਕ ਟੀਮ ਮੈਂਬਰ ਕੋਲ ਸਿਰ ਦੀਆਂ ਸੱਟਾਂ, ਫ੍ਰੈਕਚਰ, ਜਲਣ, ਅਤੇ ਕਈ ਅੰਗਾਂ ਦੀਆਂ ਸੱਟਾਂ ਤੋਂ ਲੈ ਕੇ ਸਰਜੀਕਲ ਅਤੇ ਖੇਤੀਬਾੜੀ ਐਮਰਜੈਂਸੀ ਤੱਕ, ਗੁੰਝਲਦਾਰ ਅਤੇ ਗੰਭੀਰ ਸਦਮੇ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਦਾ ਸਾਲਾਂ ਦਾ ਤਜਰਬਾ ਹੈ, ਜੋ ਕਿ ਭਾਰੀ ਖੇਤੀਬਾੜੀ ਉਪਕਰਣਾਂ ਦੀ ਵਰਤੋਂ ਕਾਰਨ ਖੇਤਰ ਵਿੱਚ ਆਮ ਹਨ। ਲਿਵਾਸਾ ਹਸਪਤਾਲ ਨਵਾਂਸ਼ਹਿਰ ਦੇ ਸੁਵਿਧਾ ਮੁਖੀ, ਲਾਇਕੁਜ਼ਮਾ ਅੰਸਾਰੀ ਨੇ ਕਿਹਾ, "ਲਿਵਾਸਾ ਹਸਪਤਾਲ ਨਵਾਂਸ਼ਹਿਰ ਵਿਖੇ ਸਾਡਾ ਟੀਚਾ ਜਾਨਾਂ ਬਚਾਉਣਾ ਅਤੇ ਸਭ ਤੋਂ ਵਧੀਆ ਸੰਭਵ ਦੇਖਭਾਲ ਪ੍ਰਦਾਨ ਕਰਨਾ ਹੈ।"

# ਵੱਖ-ਵੱਖ ਪਾਰਟੀਆ ਵਲੋਂ ਗੜ੍ਹਸ਼ੰਕਰ ਨੂੰ ਸ੍ਰੀ ਆਨੰਦਪੁਰ ਸਾਹਿਬ ਨਾਲ ਜੋੜਨ ਦਾ ਕੀਤਾ ਵਿਰੋਧ

## ਸਥਾਨਕ ਵਿਧਾਇਕ ਰਾਹੀਂ ਮੁੱਖ ਮੰਤਰੀ ਨੂੰ ਦਿੱਤਾ ਜਾਵੇਗਾ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਰੂਪਨਗਰ ਜ਼ਿਲੇ ਦੀ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲਾ ਬਣਾਉਣ ਦੀ ਚਰਚਾ ਤਹਿਤ ਗੜਸ਼ੰਕਰ ਦੇ ਤਹਿਸੀਲ ਗੜਸ਼ੰਕਰ ਪਿੰਡਾਂ ਨੂੰ ਇਸ ਨਵੇਂ ਬਣ ਰਹੇ ਜਿਲੇ ਵਿੱਚ ਮਿਲਾਉਣ ਦੇ ਖਿਲਾਫ ਗੜ੍ਹਸ਼ੰਕਰ ਇਲਾਕੇ ਚ ਕੰਮ ਕਰਦੀਆਂ ਸਮੂਹ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਵਲੋਂ ਸਥਾਨਕ ਯੋਕੋ ਹਾਮਾ ਪੈਲਸ ਵਿੱਚ ਇਕੱਤਰ ਹੋ ਕੇ ਇਸ ਸਬੰਧੀ ਵਿਚਾਰ ਚਰਚਾ ਕਰਕੇ ਇੱਕ ਰਾਇ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਦੇ ਤਹਿਤ ਵੱਖ ਵੱਖ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਦੀਆਂ ਆਗੂਆਂ ਨੇ ਸਰਬ ਸੰਮਤੀ ਨਾਲ ਫੈਸਲਾ ਕਰਕੇ ਸਥਾਨਕ ਵਿਧਾਇਕ ਨੂੰ ਮਿਲ ਕੇ ਇਸ ਸਬੰਧੀ ਆਪਣਾ ਰੋਸ ਪ੍ਰਗਟਾਉਣ ਦਾ ਫੈਸਲਾ ਕੀਤਾ ਤੇ ਮੁੱਖ ਮੰਤਰੀ ਨੂੰ ਇਸ ਖਿਲਾਫ ਰੋਸ ਪੱਤਰ ਭੇਜਿਆ ਜਾਵੇਗਾ ਅਤੇ ਜੇਕਰ ਪ੍ਰਸਤਾਵਿਤ ਪਿੰਡਾਂ ਨੂੰ ਤੋੜਨ ਦਾ ਫੈਸਲਾ ਵਾਪਸ ਨਾ ਲਿਆ ਤਾਂ ਸਮੂਹ ਪਿੰਡਾਂ ਦੀਆਂ ਪੰਚਾਇਤਾਂ ਨੂੰ ਅਤੇ ਹੋਰ ਲੋਕਾਂ ਨੂੰ ਲੈ ਕੇ ਇਸ ਖਿਲਾਫ ਲਾਮਬੰਦੀ ਕੀਤੀ



ਜਾਵੇਗੀ। ਇਸ ਸਮੇਂ ਵੱਖ-ਵੱਖ ਪਾਰਟੀਆਂ ਦੇ ਆਗੂਆਂ, ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ, ਦਵਿੰਦਰ ਮਹਿੰਦਵਾਣੀ, ਰਾਮ ਜੀ ਦਾਸ ਚੌਹਾਨ, ਚਰਨਜੀਤ ਸਿੰਘ ਚੰਨੀ ਓ ਐਸ ਡੀ ਸਥਾਨਕ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ, ਲਵ ਕੁਮਾਰ ਗੋਲਡੀ, ਅਮਨਪ੍ਰੀਤ ਲਾਲੀ, ਹਰਜੀਤ ਭਾਤਪੁਰੀ, ਹਰਭਜਨ ਸਿੰਘ, ਰਮਨ ਕੁਮਾਰ, ਰਾਜ ਕੁਮਾਰ ਭੱਟੀ, ਬੀਬੀ ਸੁਭਾਸ਼ ਮੱਟੂ, ਕਲਭੂਸ਼ਨ ਮਹਿਦਵਾਣੀ, ਸਿੰਘ ਬੂਟਾ ਸਿੰਘ ਅਲੀਪੁਰ, ਬਲਵੰਤ ਰਾਮ, ਚੌਧਰੀ ਅੱਛਰ ਸਿੰਘ ਭਜਨ ਸਿੰਘ ਠੇਕੇਦਾਰ, ਰਜੇਸ਼ ਗੁਪਤਾ, ਅਮਰਜੀਤ ਸਿੰਘ, ਨਮਿਸ਼ਾ ਮਹਿਤਾ, ਮਹਿੰਦਰ ਕੁਮਾਰ ਬੱਢੋਆਣ, ਕੁਲਵਿੰਦਰ ਸਿੰਘ ਸੰਘਾ, ਗਰੀਬੀ ਦਾਸ ਬੀਟਣ, ਦੀਪਕ ਕੁਮਾਰ ਐਮਸੀ, ਲੇਖਰਾਜ ਐਮ ਸੀ, ਦੀਪੂ ਬੀਣੇਵਾਲੀਆ, ਜਸਵੀਰ ਸਿੰਘ ਪੁਰਖੋਵਾਲ, ਜਸਕਰਨ ਸਿੰਘ, ਬਲਦੇਵ ਰਾਜ ਖੇਪੜ, ਅਮਨਦੀਪ ਬੀਣੇਵਾਲ, ਹਰਜੀਤ ਸਿੰਘ ਭਾਤਪੁਰੀ, ਸਰਬਜੀਤ ਸਿੰਘ, ਰੱਖਾ ਸਿੰਘ, ਤਰਲੋਕ ਸਿੰਘ ਨਾਗਪਾਲ, ਰੌਕੀ ਮੋਇਲਾ, ਸ਼ੋਪਕੀਪਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਾਜ ਬਰਿੰਦਰ ਸਿੰਘ ਉਰਫ ਰਾਜਾ, ਬੀਐਸਪੀ ਛਿੰਦਾ ਗੋਲੀਆਂ, ਜਿੰਦਰ ਪਾਲ ਸਰਪੰਚ, ਹੈਪੀ ਸਾਧੋਵਾਲ, ਸੁਭਾਸ਼ ਕੁਮਾਰ ਸ਼ਰਮਾ, ਸਤਪਾਲ ਵਕੀਲ, ਰਾਜਕੁਮਾਰ, ਹਰਵਿੰਦਰ ਸਿੰਘ, ਸੰਜੀਵ ਡੋਡ, ਹੰਸਰਾਜ ਗੜਸ਼ੰਕਰ ਆਦਿ ਹਾਜ਼ਰ ਸਨ।

# ਹੜ੍ਹ ਪੀੜ੍ਹਤਾਂ ਲਈ ਕੰਬਲ ਭੇਜੇ



**ਸੰਗਰੂਰ** । ਆਲ ਇੰਡੀਆ ਬੀਐਸਐਨਐਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ, ਬਰਨਾ਼ਲਾ, ਸੁਨਾਮ ਅਤੇ ਮਲੇਰਕੋਟਲਾ ਦੇ ਯੂਨਿਟਾਂ ਵੱਲੋਂ ਅਜ ਹੜ੍ਹ ਪਰਭਾਵਿਤ ਲੋਕਾਂ ਵਾਸਤੇ ਟੈਂਪੂ ਰਾਹੀਂ ਗਰਮ ਕੰਬਲਾਂ ਦੀ ਸੇਵਾ ਗੁਰਦਾਸਪੁਰ ਵਿੱਚ ਗਲੋਬਲ ਸਿੱਖਸ ਦੇ ਵੇਅਰ ਹਾਊਸ ਵਿਖੇ ਭੇਜੀ ਗਈ। ਸ਼੍ਰੀ ਨਵਨੀਤ ਕੁਮਾਰ ਬਰਨਾ਼ਲਾ ਅਤੇ ਸ਼੍ਰੀ ਸ਼ਾਮ ਸੁੰਦਰ ਕਕੜ ਦੀ ਅਗਵਾਈ ਵਿੱਚ ਵਲੰਟੀਅਰ ਸਾਥੀ ਅਮਰਜੀਤ ਸਿੰਘ ਮਲੇਰਕੋਟਲਾ, ਸ਼੍ਰੀ ਜਗਤਾਰ ਸਿੰਘ ਬਰਨਾ਼ਲਾ, ਸ਼੍ਰੀ ਦਰਸ਼ਨ ਸਿੰਘ ਮਲੇਰਕੋਟਲਾ ਅਤੇ ਜਰਨੈਲ ਸਿੰਘ ਬਰਨਾ਼ਲਾ ਦੀ ਟੀਮ ਨੂੰ ਸ਼੍ਰੀ ਵੀਕੇ ਮਿੱਤਲ, ਸ਼੍ਰੀ ਪੀ ਕੇ ਜਿੰਦਲ, ਸ਼੍ਰੀ ਐਲ ਐਸ ਬਾਂਸਲ, ਸ਼੍ਰੀ ਸ਼ਿਵ ਚਰਨ ਦਾਸ, ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀ ਸੁਰਿੰਦਰ ਪਾਲ ਸ਼੍ਰੀ ਗੁਰਮੇਲ ਸਿੰਘ ਅਤੇ ਸ਼੍ਰੀ ਸੁਖਦੇਵ ਸਿੰਘ ਨੇ ਚਾਹ ਦਾ ਕੱਪ ਪਿਆ ਕੇ ਪੂਨੀਆਂ ਕਲੋਨੀ ਸੰਗਰੂਰ ਤੋਂ ਰਵਾਨਾ ਕੀਤਾ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

for more news visit:
www.samajweekly.com

# ਗੁਰਮੇਲ ਸਿੰਘ ਪਹਿਲਵਾਨ ਨੇ ਆਲ ਇੰਡੀਆ ਕਾਂਗਰਸ ਦੇ ਪ੍ਰਵਕਤਾ ਅਲੋਕ ਸ਼ਰਮਾ ਨਾਲ ਕੀਤੀ ਮੁਲਾਕਾਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ. )** ਸੀਨੀਅਰ ਕਾਂਗਰਸੀ ਆਗੂ ਗੁਰਮੇਲ ਸਿੰਘ ਪਹਿਲਵਾਨ ਨੇ ਆਲ ਇੰਡੀਆ ਕਾਂਗਰਸ ਦੇ ਪ੍ਰਵਕਤਾ ਅਲੋਕ ਸ਼ਰਮਾ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਵਿਚਾਰ-ਵਟਾਂਦਰਾ ਕੀਤਾ । ਗੁਰਮੇਲ ਸਿੰਘ ਪਹਿਲਵਾਨ ਨੇ ਦੱਸਿਆ ਕਿ 2027 'ਚ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤਾਂ ਜੋ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ।



ਉਹਨਾਂ ਕਿਹਾ ਕਿ ਕਾਂਗਰਸ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ ਜੋ ਜ਼ਮੀਨੀ ਪੱਧਰ ਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਦੀ ਹੈ ਅਤੇ ਉਹਨਾਂ ਨੂੰ ਸਮੇਂ-ਸਮੇਂ ਤੇ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਲੋਕ ਬੇਹੱਦ ਦੁਖੀ ਹਨ ਅਤੇ ਇਸ ਸਰਕਾਰ ਨੂੰ ਚੱਲਦਾ ਕਰਨ ਲਈ ਲੋਕ ਪੂਰਾ ਮਨ ਬਣਾਈ ਬੈਠੇ ਹਨ। ਆਲੋਕ ਸ਼ਰਮਾ ਨੇ ਗੁਰਮੇਲ ਸਿੰਘ ਪਹਿਲਵਾਨ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਉਹ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਪਹਿਲਾਂ ਨਾਲੋਂ ਤਕੜੇ ਹੋ ਕੇ ਕੰਮ ਕਰਨ ਤਾਂ ਜੋ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਸਰਕਾਰ ਲਿਆਂਦੀ ਜਾ ਸਕੇ । ਇਸ ਮੌਕੇ ਸ੍ਰ: ਗੁਰਮੇਲ ਸਿੰਘ ਪਹਿਲਵਾਨ ਦੇ ਨਾਲ ਕਾਂਗਰਸੀ ਆਗੂ ਸੰਨੀ ਪਹੂਜਾ ਵੀ ਹਾਜ਼ਰ ਸਨ।

# ਸਿੰਗਲ ਯੂਜ਼ ਪਲਾਸਟਿਕ ਤੇ ਕੂੜਾ ਲਿਟਰਿੰਗ ਕਰਨ ਵਾਲਿਆਂ ਖਿਲਾਫ ਨਗਰ ਨਿਗਮ ਨੇ ਕੀਤੀ ਸਖ਼ਤ ਕਾਰਵਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਅਤੇ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ, ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਇਸ ਤਹਿਤ ਨਿਗਮ ਦੇ ਸੈਨੇਟਰੀ ਇੰਸਪੈਕਟਰ ਸੰਜੀਵ ਕੁਮਾਰ ਨਾਹਰ ਨੇ ਆਪਣੀ ਪੈਟਰੋਲਿੰਗ ਟੀਮ ਨਾਲ ਸਵੇਰੇ



ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਮੁੱਖ ਖੇਤਰਾਂ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਿਕਰੀ, ਵਰਤੋਂ ਅਤੇ ਕੂੜਾ ਸੁੱਟਣ ਵਿਰੁੱਧ ਚੈਕਿੰਗ ਕੀਤੀ। ਇਸ ਦੌਰਾਨ ਕਾਰਵਾਈ ਕਰਦੇ ਹੋਏ ਅਧਿਕਾਰੀ ਨੇ ਸ਼ਹਿਰ ਵਿੱਚ ਕੂੜਾ ਸੁੱਟਣ ਲਈ 2 ਚਲਾਨ ਅਤੇ ਸਿੰਗਲ ਯੂਜ਼ ਪਲਾਸਟਿਕ ਨਾਲ ਸਬੰਧਤ 4 ਚਲਾਨ (ਕੁੱਲ 6 ਚਲਾਨ) ਜਾਰੀ ਕੀਤੇ ਅਤੇ ਸਿੰਗਲ ਯੂਜ਼ ਪਲਾਸਟਿਕ ਦੀਆਂ ਚੀਜ਼ਾਂ ਨੂੰ ਮੌਕੇ 'ਤੇ ਜ਼ਬਤ ਕਰ ਲਿਆ ਗਿਆ। ਇਸ ਦੇ ਨਾਲ ਹੀ ਕਮਿਸ਼ਨਰ ਨਗਰ ਨਿਗਮ ਵੱਲੋਂ ਸਾਰੇ ਨਾਗਰਿਕਾਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਹੁਸ਼ਿਆਰਪੁਰ ਸ਼ਹਿਰ ਨੂੰ ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕੇ।

# ਗੜ੍ਹਸ਼ੰਕਰ ਤਹਿਸੀਲ ਨੂੰ ਸ੍ਰੀ ਆਨੰਦਪੁਰ ਸਾਹਿਬ ਨਾਲ ਨਾ ਜੋੜਿਆ ਜਾਵੇ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ਼੍ਰੀ ਆਨੰਦਪੁਰ ਸਾਹਿਬ ਨੂੰ ਜਿਲ੍ਹਾ ਬਣਾਉਣ ਦੀ ਖਬਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਸਹੀ ਵੀ ਹੈ ਗੁਰੂ ਦੀ ਨਗਰੀ ਨੂੰ ਇਹ ਰੁਤਬਾ ਦਿੱਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਜਿਹੜਾ ਗੜ੍ਹਸ਼ੰਕਰ ਤਹਿਸੀਲ ਨੂੰ ਨਵੇਂ ਬਣਨ ਜਾ ਰਹੇ ਜਿਲ੍ਹੇ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਮਿਲ-ਾਉਣਾ ਦਾ ਫ਼ੈਸਲਾ ਹੈ, ਉਹ ਬਹੁਤ ਹੀ ਤਰਕਹੀਣ ਅਤੇ ਮੰਦਭਾਗਾ ਫ਼ੈਸਲਾ ਹੈ । ਇਸ ਵਾਰੇ ਮੁੜ ਤੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਵਾਰਤਾ ਦੌਰਾਨ ਰੱਖੇ । ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਤੋ ਸ਼੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੀਆਂ ਖਬਰਾਂ ਨੇ ਜ਼ੋਰ ਫੜਿਆ ਹੋਇਆ ਹੈ। ਜੋ ਕਿ ਗੁਰੂ ਦੀ ਨਗਰੀ ਲਈ ਬੜੀ ਸਨਮਾਨ ਯੋਗ ਗੱਲ ਹੈ। ਪਰ ਜਿਹੜਾ ਗੜ੍ਹਸ਼ੰਕਰ ਤਹਿਸੀਲ ਨੂੰ ਜਿਲ੍ਹੇ ਹੁਸ਼ਿਆਰਪੁਰ ਨਾਲੋਂ ਅਲੱਗ ਕਰਕੇ ਸ਼੍ਰੀ ਆਨੰਦਪੁਰ ਸਾਹਿਬ ਵਿੱਚ ਮਿਲਾਉਣਾ ਸਹੀ ਫੈਸਲਾ ਨਹੀਂ ਹੈ। ਇਸ ਵਾਰੇ ਮੁੜ ਤੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਸ ਨਾਲ ਗੜ੍ਹਸ਼ੰਕਰ ਤਹਿਸੀਲ ਦੇ



ਵਸਨੀਕਾਂ ਦੀਆਂ ਮੁਸ਼ਕਿਲਾਂ 'ਚ ਬਹੁਤ ਜਿਆਦਾ ਬੜੌਤਰੀ ਹੋਵੇਗੀ। ਇਹ ਕਿਸੇ ਵੀ ਪੱਖ ਤੋ ਸਹੀ ਨਹੀਂ ਹੈ। ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਵਲੋਂ ਪਿਛਲੇ ਸਾਲ ਗੜ੍ਹਸ਼ੰਕਰ ਤਹਿਸੀਲ ਦੇ ਕੁਝ ਹਿੱਸੇ ਨੂੰ ਜਿਲ੍ਹਾ ਨਵਾਂਸ਼ਹਿਰ ਚ ਮਿਲਾਉਣ ਲਈ ਐਲਾਨ ਕਰਕੇ ਗਏ ਸਨ। ਹੁਣ ਸੂਬਾ ਸਰਕਾਰ ਵਲੋਂ ਯੂ ਟਰਨ ਲੈ ਕੇ ਅਜਿਹਾ ਫੈਸਲਾ ਕਰਨਾ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਸੂਬਾ ਸਰਕਾਰ ਕੋਲੋਂ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਮੰਗ ਕਰਦੀ ਹੈ ਕਿ ਗੜ੍ਹਸ਼ੰਕਰ ਤਹਿਸੀਲ ਨੂੰ ਨਵੇਂ ਬਣ ਰਹੇ ਜਿਲ੍ਹੇ 'ਚ ਮਰਜ ਕਰਨ ਦੇ ਫੈਸਲੇ ਨੂੰ ਵਾਪਿਸ ਲੈਣਾ ਚਾਹੀਦਾ ਹੈ ਅਤੇ ਗੜ੍ਹਸ਼ੰਕਰ ਤਹਿਸੀਲ 'ਚ ਸਿਹਤ ਅਤੇ ਸਿੱਖਿਆ ਸੰਬਧੀ ਕਮੀਆਂ ਨੂੰ ਜਲਦੀ ਤੋਂ ਜਲਦੀ ਦੂਰ ਕਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

# ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਵਿਖੇ ਮਨੁੱਖੀ ਅਧਿਕਾਰ, ਕਰਤੱਵ ਅਤੇ ਸਮਾਨਤਾ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ

**ਕਪੂਰਥਲਾ (ਕੌੜਾ)**-ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ), ਫੱਤੂਢੀਂਗਾ ਵਿਖੇ ਮਨੁੱਖੀ ਅਧਿਕਾਰ, ਕਰਤੱਵ ਅਤੇ ਸਮਾਨਤਾ ਦੇ ਵਿਸ਼ੇ ’ਤੇ ਇੱਕ ਜਾਣਕਾਰੀ ਭਰਪੂਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਮਕਸਦ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਨਾਲ ਨਾਲ ਕਰਤੱਵਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਇਸ ਮੌਕੇ ਮੁੱਖ ਵਕਤਾ ਪ੍ਰੋ. ਕੁਲਜੀਤ ਕੌਰ ਨੇ ਮਨੁੱਖੀ ਅਧਿਕਾਰਾਂ ਨਾਲ ਸੰਬੰਧਿਤ ਵਿਭਿੰਨ ਪੱਖਾਂ ’ਤੇ ਚਰਚਾ ਕਰਦੇ ਹੋਏ ਕਿਹਾ ਕਿ ਇੱਕ ਜ਼ਿੰਮੇਵਾਰ ਨਾਗਰਿਕ



ਵਜੋਂ ਸਾਨੂੰ ਆਪਣੇ ਕਰਤੱਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਕਿਉਂਕਿ ਅਧਿਕਾਰ ਅਤੇ ਕਰਤੱਵ ਇਕ ਦੂਜੇ ਦੇ ਪੂਰਕ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮਾਨਤਾ, ਨਿਆਂ ਅਤੇ ਆਦਰਸ਼ ਨਾਗਰਿਕਤਾ ਵੱਲ ਪ੍ਰੇਰਿਤ ਕੀਤਾ। ਸੈਮੀਨਾਰ ਦੌਰਾਨ ਵਿਦਿਆਰਥੀਆਂ ਵੱਲੋਂ ਵੀ ਮਨੁੱਖੀ ਅਧਿਕਾਰਾਂ ਨਾਲ ਜੁੜੇ ਵਿਸ਼ਿਆਂ ’ਤੇ ਵਿਚਾਰ ਪ੍ਰਗਟ ਕੀਤੇ ਗਏ ਅਤੇ ਪ੍ਰਸ਼ਨੋੱਤਰੀ ਸੈਸ਼ਨ ਰਾਹੀਂ ਚਰਚਾ ਹੋਈ। ਇਸ ਮੌਕੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖੀ ਅਧਿਕਾਰ ਸਿਰਫ਼ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਮਨੁੱਖਤਾ ਦਾ ਅਸਲ ਅਧਾਰ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਦਾ ਸੱਚਾਈ, ਨਿਆਂ ਤੇ ਸਮਾਨਤਾ ਦੇ ਮਾਰਗ ’ਤੇ ਤੁਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਦੇ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

# ਵਿਜੀਲੈਂਸ ਨੇ 'ਭ੍ਰਿਸ਼ਟਾਚਾਰ ਵਿਰੁੱਧ ਚੌਕਸੀ, ਸਾਡੀ ਸਾਂਝੀ ਜ਼ਿੰਮੇਵਾਰੀ' ਥੀਮ ਤਹਿਤ ਕਰਵਾਇਆ ਸੈਮੀਨਾਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** 'ਭ੍ਰਿਸ਼ਟਾਚਾਰ ਵਿਰੁੱਧ ਚੌਕਸੀ : ਸਾਡੀ ਸਾਂਝੀ ਜ਼ਿੰਮੇਵਾਰੀ' ਥੀਮ ਤਹਿਤ ਵਿਜੀਲੈਂਸ ਬਿਊਰੋ ਯੂਨਿਟ ਹੁਸ਼ਿਆਰਪੁਰ ਵੱਲੋਂ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਸਪਤਾਹ ਤਹਿਤ ਅੱਜ ਉਪ-ਕਪਤਾਨ ਪੁਲਿਸ ਵਿਜੀਲੈਂਸ ਬਿਊਰੋ ਯੂਨਿਟ ਹੁਸ਼ਿਆਰਪੁਰ ਮਨਦੀਪ ਸਿੰਘ ਦੀ ਅਗਵਾਈ ਹੇਠ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਵਿਜੀਲੈਂਸ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਐਸ.ਡੀ.ਐਮ ਗੜ੍ਹਸ਼ੰਕਰ ਸੰਜੀਵ ਕੁਮਾਰ ਨੇ ਇਸ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਹਾਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ, ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ ‘ਤੇ ਮਿਹਨਤ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਉਪ-ਕਪਤਾਨ ਪੁਲਿਸ ਵਿਜੀਲੈਂਸ ਬਿਊਰੋ ਯੂਨਿਟ ਹੁਸ਼ਿਆਰਪੁਰ ਮਨਦੀਪ ਸਿੰਘ ਨੇ ਇਸ ਮੌਕੇ ਭ੍ਰਿਸ਼ਟਾਚਾਰ ਰੋਕਣ ਸਬੰਧੀ ਸਹੁੰ ਚੁਕਾਈ। ਵਿਜੀਲੈਂਸ ਬਿਊਰੋ ਦੀ ਕਾਰਜਸ਼ੈਲੀ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ ਜਾਂ ਕਰਮਚਾਰੀ ਕੋਈ ਸਰਕਾਰੀ ਕੰਮ ਕਰਨ ਬਦਲੇ ਰਿਸ਼ਵਤ ਦੀ ਮੰਗ ਕਰਦਾ ਹੈ, ਤਾਂ ਇਸ ਸਬੰਧੀ




ਤੁਸੀਂ ਵਿਜੀਲੈਂਸ ਬਿਊਰੋ ਪਾਸ ਸ਼ਿਕਾਇਤ ਕਰ ਸਕਦੇ ਹੋ ਜਾਂ ਉਸ ਅਧਿਕਾਰੀ/ਕਰਮਚਾਰੀ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਵਿਜੀਲੈਂਸ ਵਿਭਾਗ ਪਾਸ ਗ੍ਰਿਫ਼ਤਾਰ ਕਰਵਾ ਸਕਦੇ ਹੋ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਭ੍ਰਿਸ਼ਟਾਚਾਰ ਸਬੰਧੀ ਸ਼ਿਕਾਇਤ ਵਿਜੀਲੈਂਸ ਬਿਊਰੋ ਦੇ ਟੋਲ ਫਰੀ ਨੰਬਰ 1800-1800-1000, ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਨੰਬਰ 95012-00200 ਅਤੇ ਵੈੱਬਸਾਈਟ www.vigilance-bureau.punjab.gov.in ‘ਤੇ ਦਰਜ ਕਰਵਾ ਸਕਦਾ ਹੈ। ਉਨ੍ਹਾਂ ਸੈਮੀਨਾਰ ਵਿਚ ਸ਼ਾਮਿਲ ਕਾਲਜ ਦੇ ਡਾਇਰੈਕਟਰ, ਸਮੂਹ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਿਚ ਇਕਜੁੱਟ ਹੋ ਕੇ ਦੇਸ਼ ਪ੍ਰਤੀ ਵਚਨਬੱਧ ਰਹਿਣ ਲਈ ਜਾਗਰੂਕ ਹੋ ਕੇ ਵਿਜੀਲੈਂਸ ਬਿਊਰੋ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ ਵਿਜੀਲੈਂਸ ਵਿਭਾਗ ਨੂੰ ਭ੍ਰਿਸ਼ਟਾਚਾਰ ਸਬੰਧੀ ਇਤਲਾਹ ਦੇਣ ਸਬੰਧੀ ਟੋਲ ਫ੍ਰੀ ਨੰਬਰ,ਐਕਸ਼ਨ ਹੈਲਪ ਲਾਈਨ ਨੰਬਰ, ਡੀ.ਐਸ.ਪੀ ਵਿਜੀਲੈਂਸ ਹੁਸ਼ਿਆਰਪੁਰ ਦਾ ਨੰਬਰ ਅਤੇ ਐਸ.ਐਸ.ਪੀ ਵਿਜੀਲੈਂਸ ਰੇਂਜ ਜਲੰਧਰ ਦੇ ਸੰਪਰਕ ਨੰਬਰਾਂ ਵਾਲੇ ਪੈਂਫਲਿਟ ਵੀ ਵੰਡੇ ਗਏ।

# ਇੱਕ ਹਾਨਣ ਕਹਿੰਦੀ ਹਾਣੀ ਨੂੰ

ਕਦੇ ਇਕੱਲਿਆਂ ਰਹਿਣਾ ,
ਚੰਗਾ ਲਗਦਾ ਹੈ ।
ਕਦੇ ਕਿਸੇ ਨਾਲ਼ ਬਹਿਣਾ ,
ਚੰਗਾ ਲਗਦਾ ਹੈ ।
ਜਦ ਵੀ ਕੋਈ ਖ਼ੁਸ਼ੀ ਦਾ ,
ਕਾਰਨ ਪੁਛਦਾ ਹੈ ;
ਇੱਕ ਤੇਰਾ ਨਾਉਂ ਲੈਣਾ ,
ਚੰਗਾ ਲਗਦਾ ਹੈ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਗਮਾਂ ਦੀ ਮਾਲਾ

ਕਦੇ ਤਾਂ ਕੱਢ ਕੇ ਵਕਤ ਦਿਲ ਮੇਰੇ ਨੂੰ ਟੋਅ ਕੇ ਤਾਂ ਦੇਖੀਂ,

ਕਿੰਨੇ ਅੱਧੂਰੇ ਚਾਅ ਮੇਰੇ ਕੁੱਝ ਚਿਰ ਖਲੌ ਕੇ ਤਾਂ ਦੇਖੀਂ,

ਕਿੱਦਾ ਸੁੱਕ ਜਾਂਦੀ ਆ ਅੱਖ ਭਰੀ ਹੋਈ ਸੱਜਣਾ,

ਕਿੱਤੇ ਕੱਲਾ ਬਹਿਕੇ ਮੇਰੇ ਵਾਂਗੂ ਤੂੰ ਵੀ ਰੋ ਕੇ ਤਾਂ ਦੇਖੀਂ,

ਭਾਰ ਕਿੰਨਾਂ ਕੁ ਤੇਰੇ ਝੂਠੇ ਵਾਅਦਿਆਂ ਦਾ ਸੱਜਣਾ,

ਕਦੇ ਗੰਮ ਜੁਦਾਈ ਦਾ ਤੂੰ ਵੀ ਢੋਅ ਕੇ ਤਾਂ ਦੇਖੀਂ,

ਕਿਵੇਂ ਬਣੀ ਆ ਮਾਲਾ ਇਹ ਦੁੱਖਾਂ ਦੀ ਉਹ ਸੱਜਣਾ,

ਮਣਕਾ ਮਣਕਾ ਗਮਾਂ ਦਾ ਪਿੰਦੂ ਪਰੋ ਕੇ ਤਾਂ ਦੇਖੀਂ,



**ਪਿੰਦੂ ਰਾਹੋਂ (ਨਵਾਂ ਸ਼ਹਿਰ)**
+917710556211

# ਮੇਰੇ ਬਾਬਾ ਨਾਨਕ ਆਏ

ਖੁਸ਼ੀਆਂ ਦੇ ਵਿੱਚ ਚਿਹਕਣ ਚੀੜੀਆਂ,
ਦੇਖੋ ਜੀ ਗੁਲਜਾਰਾਂ ਖਿੜੀਆਂ
ਸਤਿਗੁਰ ਜੀ ਤੇਰੀ,
ਅਪਾਰ ਹੈ ਮਹਿਮਾ
ਤੁਸਾਂ ਨੇ ਰਹਿਮਤ ਵੰਡੀ ਏ
ਮੇਰੇ ਬਾਬਾ ਨਾਨਕ ਆਏ,
ਸ਼ਹਿਰ ਸੋਹਣੇ ਤਲਵੰਡੀ ਏ,,,,
ਅਰਦਾਸ ਗਰੀਬਾਂ ਦੀ,
ਸੁਣਦਿਆਂ ਸੱਚੇ ਪਾਤਸ਼ਾਹ ਆਏ
ਪਾਪ ਵੱਧ ਗਿਆ ਦੁਨੀਆਂ ਤੇ,
ਕੋੜੇ ਰਾਖਸ਼ਾਂ ਸੀ ਛਾਏ
ਹਿੱਕ ਧਰਤੀ ਦੀ ਨਾਲ,
ਲਹੂ ਦੇ ਰੋਜ਼ ਜਾਂਦੀ ਸੀ ਰੰਗੀ ਏ
ਮੇਰਾ ਬਾਬਾ ਨਾਨਕ ਆਏ
ਸ਼ਹਿਰ ਸੋਹਣੇ ਤਲਵੰਡੀ ਏ ,,,,,,,,
ਬਣਕੇ ਸਜੱਣ ਠੱਗ ਅੱਜ ਵੀ,
ਠੱਗੀਆਂ ਨਿੱਤ ਕਮਾਉਂਦੇ
ਚੂਸਕੇ ਰੱਤ ਗਰੀਬਾਂ ਦਾ ,
ਦੇਖੋ ਮਹਿਲ ਬਣਾਉਂਦੇ
ਤੇਰੇ ਦਰ ਤੇ ਸੱਚੇ ਪਾਤਸ਼ਾਹ ,
ਜਾਂਦੇ ਹੱਕ ਅਜੇ ਵੀ ਮੰਗੀ
ਮੇਰਾ ਸਤਿਗੁਰ ਨਾਨਕ ਜੀ,
ਆਇਆ ਸ਼ਹਿਰ ਸੋਹਣੇ ਤਲਵੰਡੀ,,,,,,
ਕਾਇਦੇ ਤੇ ਕਨੂੰਨ ਸਾਰੇ,
ਜਾਦੇ ਅੱਜ ਵੀ ਛਿੱਕੇ ਟੰਗੇ
ਧਰਮਾਂ ਦੇ ਨਾਂ ਉਤੇ,
ਹੁੰਦੇ ਅੱਜ ਵੀ ਥਾਂ-ਥਾਂ ਦੰਗੇ
ਜਿਲ੍ਹਾ ਵਿੱਚ ਤੜਫੇ ਰਹੇ,
ਹੁਣ ਵੀ ਸਿੱਖ ਤੇਰੇ ਕਈ ਬੰਦੀ
ਮੇਰਾ ਸਤਿਗੁਰ ਨਾਨਕ ਜੀ,
ਆਇਆ ਸ਼ਹਿਰ,,,,,,,,,,,,,,,,
ਸੁਣ ਅਰਦਾਸ ਦਾਤਿਆ ਵੇ,
ਕੋਈ ਐਸਾ ਕਰਮ ਕਮਾ ਦੇ
ਕਿਣਕਾ ਜੀ ਰਹਿਮਤ ਦਾ,
ਸਾਡੀ ਝੋਲੀ ਦੇ ਵਿੱਚ ਪਾ ਦੇ
ਕਹੇ " ਬਿੰਦਰ ਭਰੋਲੀ " ਦਾ,
ਸਮੇਂ ਦੀ ਰੇਲ ਜਾਂਦੀ ਜੀ ਲੰਘੀ
ਮੇਰਾ ਬਾਬਾ ਨਾਨਕ ਜੀ,
ਆਇਆ ਸ਼ਹਿਰ ਸੋਹਣੇ ਤਲਵੰਡੀ
ਮੇਰਾ ਸਤਿਗੁਰ ਨਾਨਕ ਜੀ,
ਆਇਆ ਸ਼ਹਿਰ,,,,,,,,,,,,,,,,



**"ਬਿੰਦਰ ਭਰੋਲੀ"**

# ਬਾਬਾ ਨੰਦ ਸਿੰਘ ਜੀ ਦੀਆਂ ਸਿੱਖਿਆਵਾਂ


ਬਾਬਾ ਨੰਦ ਸਿੰਘ ਜੀ ਦੀਆਂ ਸਿੱਖਿਆਵਾਂ ਨੇ
ਪਰਮਾਤਮਾ ਪ੍ਰਤੀ ਪੂਰਨ ਸ਼ਰਧਾ,
ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਵਜੋਂ ਵੇਖਣ,
ਅਤੇ ਪਵਿੱਤਰ ਸ਼ੁੱਧਤਾ ਅਤੇ ਸਾਦਗੀ ਦਾ
ਅਭਿਆਸ ਕਰਨ 'ਤੇ ਜ਼ੋਰ ਦੇਣ ਦੀ ਸਿੱਖਿਆਂ ਦਿੱਤੀ।
ਗੁਰੂ ਨਾਨਕ ਦੇਵ ਜੀ ਵਿੱਚ ਅਟੁੱਟ ਵਿਸ਼ਵਾਸ ਰੱਖਣਾ,
ਸੇਵਾ ਦੇ ਰੂਪ ਵਜੋਂ ਮਰਿਯਾਦਾ ਨੂੰ ਬਣਾਈ ਰੱਖਣਾ,
ਭੌਤਿਕਵਾਦੀ ਇੱਛਾਵਾਂ ਅਤੇ
ਨਿਰਭਰਤਾਵਾਂ ਤੋਂ ਮੁਕਤ ਹੋਣਾ
ਅਤੇ ਪਵਿੱਤਰ ਨਾਮ ਪ੍ਰਤੀ
ਸ਼ਰਧਾ ਦੀ ਮਹੱਤਤਾ ਰੱਖਣ ਲਈ ਪ੍ਰੇਰਤ ਕੀਤਾ
"ਭਾਉ-ਭਗਤਿ" ਦੇ ਰਹੱਸ-ਭਗਤੀ ਦੀ ਜੁਗਤੀ ਸਿੱਖਾ ਗਏ।
ਨਿਮਰਤਾ ਨਿਰਮਾਣਤਾ ਨੂੰ ਸਾਡੀ ਝੋਲੀ ਪਾ ਗਏ।
ਵਿਖਾਵੇ ਅਤੇ ਪ੍ਰਚਾਰ ਤੋਂ
ਬਾਹਰੀ ਦਿਖਾਵਟ ਅਤੇ ਸੰਸਾਰੀਪਨ ਤੋਂ ਪਰੇ ਹਟ
ਨਾਮ ਸਿਮਰਨ, ਕੀਰਤਨ, ਸੇਵਾ ਨਾਲ ਜੋੜ ਗਏ।

**ਸੁਰਜੀਤ ਸਿੰਘ ਫਲੋਰਾ**
6 Havelock Drive,
Brampton, ON
L6W 4A5 Canada
647-829-9397



# ਜਨਮਦਿਨ ਮੁਬਾਰਕ





**ਗੌਰੀਸ਼ ਵਰਮਾ**
ਪਿਤਾ ਦਾ ਨਾਮ – ਪੰਕਜ ਵਰਮਾ
ਮਾਤਾ ਦਾ ਨਾਮ – ਨੀਤਾ ਵਰਮਾ
ਵਾਸੀ –ਮਹਿਤਪੁਰ

**Gaurish verma**
Father name - pankaj verma
Mother name - nita verma
Address- mehatpur tehsil nakodar district Jalandhar
NEERAJ VERMA

# ਆਰਕੀਟੈਕਟ ਸੰਜੇ ਗੋਇਲ ਨੇ ਪੰਜਾਬ ਸਰਕਾਰ ਵੱਲੋਂ ਸਟਿਲਟ ਪਾਰਕਿੰਗ ਦੀ ਇਜਾਜ਼ਤ ਦੇਣ ਦੇ ਫ਼ੈਸਲੇ ਦਾ ਸਵਾਗਤ ਕੀਤਾ, ਸਖ਼ਤ ਲਾਗੂ ਕਰਨ ਦੀ ਮੰਗ ਕੀਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਵੱਲੋਂ ਨਵੀਆਂ ਰਿਹਾਇਸ਼ੀ ਇਮਾਰਤਾਂ ਵਿੱਚ ਸਟਿਲਟ ਪਾਰਕਿੰਗ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਇੱਕ ਸਰਾਹਣਯੋਗ ਕਦਮ ਹੈ, ਪਰ ਇਸ ਦਾ ਪੂਰੀ ਤਰ੍ਹਾਂ ਲਾਗੂ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਰਿਹਾਇਸ਼ੀ ਇਲਾਕਿਆਂ ਵਿੱਚ ਪਾਰਕਿੰਗ ਦੀ ਸਮੱਸਿਆ ਗੰਭੀਰ ਰੂਪ ਧਾਰ ਚੁੱਕੀ ਹੈ। ਬੁੱਧਵਾਰ ਨੂੰ ਇੱਥੇ ਜਾਰੀ ਇੱਕ ਬਿਆਨ ਵਿੱਚ ਮਸ਼ਹੂਰ ਆਰਕੀਟੈਕਟ ਅਤੇ ਲੁਧਿਆਣਾ ਸਮਾਰਟ ਸਿਟੀ ਲਿਮਿਟੇਡ ਦੇ ਸਾਬਕਾ ਡਾਇਰੈਕਟਰ ਸੰਜੇ ਗੋਇਲ ਨੇ ਕਿਹਾ ਕਿ ਇਸ ਪ੍ਰਾਵਧਾਨ ਨਾਲ ਰਹਿਣ ਵਾਲੇ ਲੋਕ ਜ਼ਰੂਰਤ ਪੈਣ 'ਤੇ ਪੌੜੀਆਂ ਦੇ ਬਲਾਕ ਨਾਲ ਲਿਫ਼ਟ ਵੀ ਆਸਾਨੀ ਨਾਲ ਲਗਾ ਸਕਦੇ ਹਨ ਅਤੇ ਬਾਕੀ ਭੂਤਲ ਖੇਤਰ ਦਾ ਉਪਯੋਗ ਪਾਰਕਿੰਗ ਲਈ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ, "ਨਹੀਂ ਤਾਂ ਸੜਕਾਂ 'ਤੇ



ਵਾਹਨ ਖੜੇ ਰਹਿੰਦੇ ਹਨ ਅਤੇ ਕਈ ਥਾਵਾਂ 'ਤੇ ਤਾਂ ਸੜਕ ਦੀ ਜਗ੍ਹਾ ਵੀ ਕਾਫ਼ੀ ਨਹੀਂ ਰਹਿੰਦੀ।" ਗੋਇਲ ਨੇ ਜ਼ੋਰ ਦੇ ਕੇ ਕਿਹਾ ਕਿ ਘਰਾਂ ਦੇ ਅੰਦਰ ਪਾਰਕਿੰਗ ਨਾ ਸਿਰਫ਼ ਵਾਹਨਾਂ ਦੀ ਸੁਰੱਖਿਆ ਯਕੀਨੀ ਕਰੇਗੀ ਸਗੋਂ ਸ਼ਹਿਰ ਦੀਆਂ ਸੜਕਾਂ 'ਤੇ ਭੀੜ ਨੂੰ ਵੀ ਘਟਾਏਗੀ। ਉਹਨਾਂ ਅੱਗੇ ਕਿਹਾ ਕਿ ਹਾਲਾਂਕਿ ਸਰਕਾਰ ਵੱਲੋਂ ਆਰਕੀਟੈਕਟਸ ਨੂੰ ਸੈਲਫ਼-ਸਰਟੀਫਿਕੇਸ਼ਨ ਦੀ ਇਜਾਜ਼ਤ ਦੇਣਾ ਇੱਕ ਵਧੀਆ ਕਦਮ ਹੈ, ਪਰ ਬਿਲਡਿੰਗ ਮਾਲਕਾਂ ਨੂੰ ਕਨਸਟ੍ਰਕਸ਼ਨ ਬਾਇਲਾਜ਼ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਸ਼ਹਿਰਾਂ ਨੂੰ ਹੋਰ ਰਹਿਣਯੋਗ ਅਤੇ ਸੁਚੱਜਾ ਬਣਾਇਆ ਜਾ ਸਕੇ।

# 18ਵਾਂ ਸਾਲਾਨਾ ਰਾਜ ਪੱਧਰੀ ਪੁਰਸਕਾਰ ਸਮਾਰੋਹ ਵਿਰਾਸਤ ਮੇਲਾ 2025 ਕੋਟਕਪੂਰਾ ਵਿਖੇ ਬੜੇ ਜੋਸ਼ ਖਰੋਸ਼ ਨਾ਼ਲ ਸਪੰਨ ਹੋਇਆ







**ਫਿਰੋਜਪੁਰ (ਰਮੇਸ਼ਵਰ ਸਿੰਘ)** ਇੰਡੀਕ ਆਰਟਸ ਵੈਲਫੇਅਰ ਕੌਂਸਲ ਵਲੋਂ ਪ੍ਰੋ ਭੋ਼ਲਾ ਯਮਲਾ ਜੀ ਕੌਮੀ ਡਾਇਰੈਕਟਰ ਅਤੇ ਇਕਬਾਲ ਸਿੰਘ ਸਹੋਤਾ ਕੌਮੀ ਪ੍ਰਧਾਨ ਸਾਹਿਤ ਸੈੱਲ ਦੀ ਅਗਵਾਈ ਹੇਠ 18ਵਾਂ ਸਾਲਾਨਾ ਰਾਜ ਪੱਧਰੀ ਪੱਧਰੀ ਪੁਰਸਕਾਰ ਸਮਾਰੋਹ ਵਿਰਾਸਤ ਮੇਲਾ 2025 ਕੋਟਕਪੂਰਾ ਵਿਖੇ ਬੜੇ ਜੋਸ਼ ਖਰੋਸ਼ ਨਾ਼ਲ ਸਪੰਨ ਹੋਇਆ ਜਿਸ ਵਿੱਚ ਲੇਖਕਾਂ, ਗਾਇਕਾਂ, ਕਲਕਾਰਾਂ, ਗੀਤਕਾਰਾਂ ਤੇ ਸਮਾਜ ਸੇਵੀਆਂ ਨੂੰ ਵੱਖ ਵੱਖ ਕੈਟਾਗਰੀਆਂ ਦੇ ਹਿਸਾਬ ਨਾਲ ਰਾਜ ਆਈਕਾਨ ਐਵਾਰਡ, ਰਾਜ ਰਤਨ ਪੁਰਸਕਾਰ, ਨਾਲ ਸਾਹਿਤ ਜਗਤ ਤੇ ਸਮਾਜ ਸੇਵਾ ਵਿੱਚ ਕੰਮ ਕਰਦੀਆਂ 50+ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਮੰਡਲ ਕਮਿਸ਼ਨਰ ਫਰੀਦਕੋਟ, ਸ਼ਾਮਲ ਹੋਏ ਪ੍ਰੋਗਰਾਮ ਦੌਰਾਨ ਗਾਇਕ ਸਰਬਜੀਤ ਚੀਮਾ, ਸੁਰਿੰਦਰ ਫਰਿਸ਼ਤਾ ਘੁੱਲੇ ਸ਼ਾਹ, ਗਾਇਕਾ ਸੁਦੇਸ਼ ਕੁਮਾਰੀ, ਭੱਟੀ ਭੜੀਵਾਲਾ , ਤੇ ਮਾਣਯੋਗ ਸਖ਼ਸ਼ੀਅਤਾਂ ਦੀ ਹਾਜਰੀ ਵਿੱਚ ਫਿਰੋਜ਼ਪੁਰ ਦੀ ਵਸਨੀਕ ਦਿਲਪ੍ਰੀਤ ਗੁਰੀ , ਇੱਕ ਮਾਣਯੋਗ ਕਵੀ, ਗੀਤਕਾਰ, ਕਹਾਣੀਕਾਰ ਅਤੇ ਨਾਵਲਕਾਰ ਹਨ, ਜਿਨ੍ਹਾਂ ਨੇ ਕਵਿਤਾ, ਕਹਾਣੀ, ਨਾਵਲ, ਜੀਵਨੀ, ਲੇਖ ਅਤੇ ਫਿਲਮਾਂ ਲਈ ਸਕ੍ਰੀਨਪਲੇ-ਡਾਇਲਾਗ ਰਾਹੀਂ ਪੰਜਾਬੀ ਸਾਹਿਤ ਨੂੰ ਵਿਲੱਖਣ ਯੋਗਦਾਨ ਦਿੱਤਾ ਹੈ। ਅੰਮ੍ਰਿਤ ਵਰਗੀ ਕੁੜੀ, ਕੁੱਜੇ 'ਚ ਰੱਬ, ਤਾਜੀਬਾ, ਆਖ਼ਰੀ ਇੱਛਾ ਪੂਰੀ ਕਰੇਗਾ ਵਰਗੀਆਂ ਕਿਤਾਬਾਂ ਅਤੇ ਕਈ ਮਸ਼ਹੂਰ ਗੀਤਾਂ ਰਾਹੀਂ ਇਨ੍ਹਾਂ ਨੇ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿੱਚ ਵਿਸ਼ੇਸ਼ ਥਾਂ ਬਣਾਈ ਹੈ।ਕਈ ਸਾਂਝੀਆਂ ਕਿਤਾਬਾਂ ਵੀ ਕੀਤੀਆਂ ਹਨ। ਕਈ ਸਾਹਿਤਕ ਮੰਚਾਂ ਅਤੇ ਸੰਸਥਾਵਾਂ ਵੱਲੋਂ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤੇ ਹਨ। ਇਹਨਾਂ ਪ੍ਰਾਪਤੀਆਂ ਲਈ ਇੰਡਕ ਆਰਟਸ ਵੈਲਫੇਅਰ ਕੌਂਸਲ ਦੇ ਵੱਲੋਂ ਉਹਨਾਂ ਨੂੰ "ਰਾਜ ਯੂਥ ਆਇਕਨ ਆਵਰਡ" ਕੋਟਕਪੂਰਾ ਵਿੱਚ ਹੋਏ ਰਾਜ ਪੱਧਰੀ ਪੁਰਸਕਾਰ ਸਮਾਰੋਹ ਵਿਰਾਸਤੀ ਮੇਲਾ 2025 ਦੌਰਾਨ ਦਿੱਤਾ ਗਿਆ।ਇੱਥੇ ਉਹਨਾਂ ਦੀ ਕਿਤਾਬ "ਆਖ਼ਰੀ ਇੱਛਾ ਪੂਰੀ ਕਰੇਂਗਾ" ਲੋਕ ਅਰਪਣ ਕੀਤੀ ਗਈ। ਸੰਸਥਾ ਦੇ ਚੇਅਰਮੈਨ ਪ੍ਰੋ. ਭੋਲਾ ਯਮਲਾ ਜੀ,ਕੌਮੀ ਪ੍ਰਧਾਨ ਸਹਿਤ ਸੈੱਲ ਇਕਬਾਲ ਸਿੰਘ ਸਹੋਤਾ, ਕਨਵੀਨਰ ਸਹਿਤ ਸੈੱਲ ਗੁਰਮੀਤ ਸਿੰਘ ਬੱਬੀ, ਪਟਿਆਲਾ ਤੋਂ ਜ਼ਿਲਾ ਪ੍ਰਧਾਨ ਹਰੀਸ਼ ਹਰਫ਼,ਕੁਲਦੀਪ ਸਿੰਘ ਅਟਵਾਲ,ਭਗਵਾਨ ਦਾਸ ਗੁਪਤਾ ਸਤਨਾਮ ਸਿੰਘ ਮੱਟੂ ਪਟਿਆਲਾ ਮਦਨ ਜਲੰਧਰੀ, ਭੱਟੀ ਭੜੀ ਵਾਲਾ ਗਾਇਕ ਲੱਕੀ ਸਿੰਘ ਹਾਜ਼ਰ ਸਨ ਲ ਪ੍ਰੋਗਰਾਮ ਦੌਰਾਨ ਨਾਸ਼ਤਾ ਦੇ ਲੰਚ ਦਾ ਪ੍ਰਬੰਧ ਬਹੁਤ ਵਧੀਆ ਜੀ ਕੁੱਲ ਮਿਲਾ ਕੇ ਪ੍ਰਬੰਧਕੀ ਟੀਮ ਇੱਕ ਵੱਡੇ ਤੇ ਸਫਲ ਪ੍ਰੋਗਰਾਮ ਲਈ ਵਧਾਈ ਦੀ ਹੱਕਦਾਰ ਹੈ।

# ਬਲਦੇਵ ਸਿੰਘ ਢੇਸੀ ਵੱਲੋਂ ਭੀਣ ਸਕੂਲ ਨੂੰ ਸਹਾਇਤਾ ਰਾਸ਼ੀ ਭੇਟ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ)** ਬਲਦੇਵ ਸਿੰਘ ਢੇਸੀ ਵੱਲੋਂ ਭੀਣ ਸਕੂਲ ਨੂੰ ਸਹਾਇਤਾ ਰਾਸ਼ੀ ਭੇਂਟ ਸਰਕਾਰੀ ਹਾਈ ਸਕੂਲ ਭੀਣ ਵਿਖੇ ਇੱਕ ਸਾਦਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਲਦੇਵ ਸਿੰਘ ਢੇਸੀ ਵੱਲੋਂ ਮਾਸਟਰ ਦੀਪ ਸਿੰਘ ਦੀ ਪ੍ਰੇਰਣਾ ਸਦਕਾ ਸਕੂਲ ਦੇ ਵਿਕਾਸ ਕਾਰਜਾਂ ਲਈ 10000 ਰੁਪਏ ਦੀ ਰਾਸ਼ੀ ਭੇਂਟ ਕੀਤੀ। ਸਕੂਲ ਮੁੱਖ ਅਧਿਆਪਕ ਪਰਵਿੰਦਰ ਸਿੰਘ ਭੰਗਲ ਸਟੇਟ ਐਵਾਰਡੀ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦੇ ਵਿਕਾਸ



ਲਈ ਸਹਿਯੋਗ ਦੇਣਾ ਬਹੁਤ ਹੀ ਪ੍ਰੇਰਣਾਦਾਇਕ ਕਦਮ ਹੈ। ਦਾਨੀ ਸੱਜਣ ਬਲਦੇਵ ਸਿੰਘ ਢੇਸੀ ਨੇ ਕਿਹਾ ਕਿ ਉਹ ਅੱਗੇ ਤੋਂ ਵੀ ਇਸੇ ਤਰਾਂ ਸਕੂਲ ਦੇ ਵਿਕਾਸ ਲਈ ਸਹਿਯੋਗ ਦਿੰਦੇ ਰਹਿਣ-ਗੇ।ਇਸ ਮੌਕੇ ਮਾਸਟਰ ਦੀਪ ਸਿੰਘ, ਅੰਜਨਾ,ਅਮਨਦੀਪ ਸਿੰਘ, ਸੁਮਨ ਰਾਣੀ,ਰਾਕੇਸ਼ ਰਾਣੀ ਹਾਜਰ ਸਨ।



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਤੋਂ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ-ਕੀਰਤਨ ਸਜਾਇਆ ਗਿਆ । ਨਗਰ-ਕੀਰਤਨ ਵਿੱਚ ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, 33 ਫੁੱਟ ਰੋਡ ਦੇ ਬੱਚਿਆਂ ਅਤੇ ਸਟਾਫ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ । ਧੁਰ ਸੱਜੇ ਪ੍ਰਿੰਸੀਪਲ ਹਰਪ੍ਰੀਤ ਕੌਰ ਵੀ ਨਜ਼ਰ ਆ ਰਹੇ ਹਨ। (ਫ਼ੋਟੋ ਤੇ ਵੇਰਵਾ ਕਰਨੈਲ ਸਿੰਘ ਐੱਮ. ਏ. ਲੁਧਿਆਣਾ)

# ਸੜਕ ਹਾਦਸੇ 'ਚ ਜ਼ਖ਼ਮੀ ਅੱਪਰਾ ਦੇ ਵਿਅਕਤੀ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਵਲੋਂ ਉਸਦੀ ਗੰਭੀਰ ਜ਼ਖ਼ਮੀ ਲੱਤ ਕੱਟਣੀ ਪਈ

**ਫਿਲੌਰ/ਅੱਪਰਾ, (ਦੀਪਾ)**- ਬੀਤੇ ਦਿਨ ਵਾਪਰੇ ਇੱਕ ਸੜਕ ਹਾਦਸੇ 'ਚ ਅੱਪਰਾ ਦੇ ਪਿਓ-ਪੁੱਤ ਜ਼ਖ਼ਮੀ ਹੋ ਗਏ ਸਨ । ਅੱਪਰਾ ਦੇ ਵਸਨੀਕ ਰਾਮ ਲਾਲ ਤੇ ਉਸਦੇ ਪੁੱਤਰ ਰਾਕੇਸ਼ ਕੁਮਾਰ ਨੂੰ ਇਲਾਜ ਲਈ ਡੀ, ਐੱਮ. ਸੀ ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਵਾਇਆ ਗਿਆ ਸੀ, ਜਿੱਥੋਂ ਰਾਕੇਸ਼ ਕੁਮਾਰ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸਨੂੰ ਪੀ. ਜੀ. ਆਈ ਚੰਡੀਗੜ੍ਹ ਰੈਫ਼ਰ ਕਰ ਦਿੱਤਾ ਗਿਆ ਸੀ । ਰਾਕੇਸ਼ ਕੁਮਾਰ ਦੇ ਪਰਿਵਾਰ ਮੈਂਬਰਾਂ ਨੇ ਦੱਸਿਆ ਕਿ ਰਾਕੇਸ਼ ਕੁਮਾਰ ਦੀ ਲੱਤ ਦੀ ਹਾਲਤ ਬੇਹੱਦ ਨਾਜ਼ੁਕ ਹੋਣ ਕਾਰਣ ਡਾਕਟਰਾਂ ਵਲੋਂ ਉਸਨੂੰ ਕੱਟ ਦਿੱਤਾ ਗਿਆ । ਗੌਰਕਰਨ ਯੋਗ ਹੈ ਕਿ ਰਾਕੇਸ਼ ਕੁਮਾਰ ਆਪਣੇ ਪਰਿਵਾਰ ਦੀ ਰੋਜ਼ੀ ਰੋਟੀ ਦਾ ਸਹਾਰਾ ਹੈ ਤੇ ਇੱਕ ਨਿੱਜੀ ਕਾਰ ਕੰਪਨੀ 'ਚ ਨੌਕਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ ।

# ਬ੍ਰਿਟੇਨ ਸਰਕਾਰ ਨੇ ਸਰਣ ਮੰਗਣ ਵਾਲਿਆਂ ਨੂੰ ਫੌਜੀ ਥਾਵਾਂ ਤੇ ਰੱਖਣ ਦੀ ਬਣਾਈ ਯੋਜਨਾ

## ਸਰਕਾਰ ਵੱਲੋਂ ਇਹ ਕਦਮ ਹੋਟਲਾਂ ਦੀ ਵਰਤੋਂ ਘਟਾਉਣ ਲਈ ਚੁੱਕਿਆ ਜਾ ਰਿਹਾ ਹੈ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)**-ਬ੍ਰਿਟੇਨ ਸਰਕਾਰ ਨੇ ਦੋ ਫੌਜੀ ਥਾਵਾਂ ਇਨਵਰਨੈਸ ਅਤੇ ਈਸਟ ਸਸੇਕਸ 'ਤੇ ਸ਼ਰਣ ਮੰਗਣ ਵਾਲਿਆਂ ਨੂੰ ਰਿਹਾਇਸ਼ ਦੇਣ ਦੀ ਯੋਜਨਾ ਬਣਾਈ ਹੈ। ਇਹ ਕਦਮ ਹੋਟਲਾਂ ਦੀ ਵਰਤੋਂ ਘਟਾਉਣ ਅਤੇ ਸ਼ਰਣਾਰਥੀਆਂ ਲਈ ਸਥਾਈ ਠਿਕਾਣੇ ਮੁਹੱਈਆ ਕਰਨ ਦੇ ਉਦੇਸ਼ ਨਾਲ ਚੁਕਿਆ ਜਾ ਰਿਹਾ ਹੈ। ਸਰਕਾਰ ਚਾਹੁੰਦੀ ਹੈ ਕਿ ਨਵੰਬਰ ਦੇ ਅੰਤ ਤੱਕ ਕਰੀਬ 900 ਸ਼ਰਣ ਮੰਗਣ ਵਾਲਿਆਂ ਨੂੰ ਇਨ੍ਹਾਂ ਥਾਵਾਂ ਤੇ ਰੱਖਿਆ ਜਾਵੇ।ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨੇ ਬੀਬੀਸੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਨੇ ਗ੍ਰਹਿ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਦੇ ਅਧਿਕਾਰੀਆਂ ਨੂੰ ਢੁਕਵੇਂ ਫੌਜੀ ਠਿਕਾਣਿਆਂ ਦੀ ਪਛਾਣ ਤੇਜ਼ੀ ਨਾਲ ਕਰਨ ਦੇ ਹੁਕਮ ਦਿੱਤੇ ਹਨ। ਯੋਜਨਾ ਅਨੁਸਾਰ, ਸ਼ਰਣ ਮੰਗਣ ਵਾਲਿਆਂ ਨੂੰ ਕੈਮਰਨ ਬੈਰਕਾਂ (ਇਨਵਰਨੈਸ) ਅਤੇ ਕ੍ਰੋਬਰੋ ਸਿਖਲਾਈ ਕੈਂਪ (ਈਸਟ ਸਸੇਕਸ) ਵਿੱਚ ਰੱਖਿਆ ਜਾਵੇਗਾ। ਸਟਾਰਮਰ ਨੇ ਕਿਹਾ ਕਿ ਉਹ ਬਹੁਤ ਖੁਸ਼ ਹਨ ਕਿ ਇਸ ਸਾਲ ਦੇ ਅੰਤ ਤੱਕ ਹੋਰ ਸ਼ਰਣ ਮੰਗਣ ਵਾਲਿਆਂ ਨੂੰ ਫੌਜੀ ਠਿਕਾਣਿਆਂ 'ਤੇ ਰਿਹਾਇਸ਼ ਮਿਲੇਗੀ। ਮੰਤਰੀ ਲੂਕ ਪੋਲਾਰਡ ਨੇ ਦੱਸਿਆ ਕਿ ਫਿਲਹਾਲ ਲਾਗਤਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਪਰ ਜਨਤਕ ਤੌਰ 'ਤੇ ਹਰ ਸ਼ਰਣ ਹੋਟਲ ਨੂੰ ਬੰਦ ਦੇਖਣ ਦੀ ਇੱਛਾ ਸਭ ਤੋਂ ਵੱਡਾ ਕਾਰਨ ਹੈ। ਉਨ੍ਹਾਂ ਨੇ ਕਿਹਾ ਕਿ ਸਥਾਨਕ ਪ੍ਰਸ਼ਾਸਨ ਨਾਲ ਮਿਲ ਕੇ ਸੁਰੱਖਿਆ ਅਤੇ ਸੁਵਿਧਾਵਾਂ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ।ਕੰਜ਼ਰਵੇਟਿਵ ਸੰਸਦ ਮੈਂਬਰ ਨੁਸਰਤ ਘਨੀ, ਜਿਨ੍ਹਾਂ ਦੇ ਖੇਤਰ ਵਿੱਚ ਕ੍ਰੋਬਰੋ ਸਾਈਟ ਆਉਂਦੀ ਹੈ, ਨੇ ਇਸ ਯੋਜਨਾ 'ਤੇ ਨਾਰਾਜ਼ਗੀ ਜਤਾਈ ਅਤੇ ਕਿਹਾ ਕਿ ਪਿਛਲੀ ਸਰਕਾਰ ਨੇ ਇਸਨੂੰ "ਅਣਉਚਿਤ" ਕਹਿ ਕੇ ਰੱਦ ਕਰ ਦਿੱਤਾ ਸੀ। ਕੁਝ ਸਥਾਨਕ ਰਹਿਣ ਵਾਲਿਆਂ ਨੇ ਵੀ ਡਾਕਟਰੀ ਸੇਵਾਵਾਂ ਤੇ ਦਬਾਅ ਅਤੇ ਸਥਾਨਕ ਸੇਵਾਵਾਂ ਤੇ ਪ੍ਰਭਾਵ ਬਾਰੇ ਚਿੰਤਾ ਜਤਾਈ। ਵਰਤਮਾਨ ਵਿੱਚ ਵੇਦਰਸਫ਼ੀਲਡ ਬੈਰਕਾਂ ਵਿੱਚ ਇੱਕ ਸ਼ਰਣ ਮੰਗਣ ਵਾਲੇ ਨੂੰ ਰੱਖਣ ਦੀ ਲਾਗਤ ਪ੍ਰਤੀ ਰਾਤ £132 ਹੈ, ਜਦਕਿ ਇੱਕ ਹੋਟਲ ਦੀ ਔਸਤ ਲਾਗਤ £144.98 ਹੈ। ਹਾਲਾਂਕਿ ਸਾਈਟਾਂ ਦੇ ਬਦਲਾਅ ਦੀ ਲਾਗਤ, ਜੋ ਕਿ ਕਰੀਬ £105 ਮਿਲੀਅਨ ਹੈ, ਇਸ ਵਿੱਚ ਸ਼ਾਮਲ ਨਹੀਂ ਕੀਤੀ ਗਈ। ਇੱਕ ਚੈਰਿਟੀ ਰਿਫਿਊਜੀ ਕੌਂਸਲ ਦੇ ਮੁੱਖ ਕਾਰਜਕਾਰੀ ਐਨਵਰ ਸੋਲੋਮਨ ਨੇ ਕਿਹਾ ਕਿ "ਸ਼ਰਣਾਰਥੀ ਕੈਂਪਾਂ" ਦੀ ਵਰਤੋਂ ਕਰਨਾ ਇੱਕ ਅਸਫਲ ਪਹੁੰਚ ਨੂੰ ਦੂਜੇ ਨਾਲ ਬਦਲਣ ਦੇ ਬਰਾਬਰ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਹ ਫੈਸਲਾ ਸਿਰਫ਼ ਖਰਚਾਂ ਘਟਾਉਣ ਲਈ ਨਹੀਂ, ਬਲਕਿ ਜਨਤਕ ਭਰੋਸਾ ਮੁੜ ਹਾਸਲ ਕਰਨ ਲਈ ਵੀ ਲਿਆ ਗਿਆ ਹੈ। ਹਾਲਾਂਕਿ ਇਸ ਕਦਮ ਨਾਲ ਜੁੜੇ ਕੁਝ ਸਮਾਜਿਕ ਅਤੇ ਪ੍ਰਸ਼ਾਸਕੀ ਚੁਣੌਤੀਆਂ ਬਾਕੀ ਹਨ, ਪਰ ਸਰਕਾਰ ਦਾ ਉਦੇਸ਼ ਹੋਟਲਾਂ ਦੀ ਥਾਂ ਫੌਜੀ ਠਿਕਾਣਿਆਂ ਦੀ ਵਰਤੋਂ ਕਰਕੇ ਇੱਕ ਸਥਾਈ ਹੱਲ ਲੱਭਣਾ ਹੈ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ 'ਪਰਾਲੀ ਸੰਭਾਂਲ' ਮੁਹਿੰਮ ਅਧੀਨ ਵਿਦਿਆਰਥੀਆਂ ਦੇ ਭਾਸ਼ਣ, ਲੇਖ ਤੇ ਚਿੱਤਰਕਾਰੀ ਮੁਕਾਬਲੇ ਕਰਵਾਏ

**ਫਿਲੌਰ/ਅੱਪਰਾ, (ਦੀਪਾ)**-ਸਥਾਨਕ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ 'ਪਰਾਲੀ ਸੰਭਾਂਲਾਂ ਮੁਹਿੰਮ ਅਧੀਨ ਵਿਦਿਆਰਥੀਆਂ ਦੇ ਭਾਸ਼ਣ, ਲੇਖ ਤੇ ਚਿੱਤਰਕਾਰੀ ਮੁਕਾਬਲੇ ਕਰਵਾਏ ਗਏ । ਸਮਾਗਮ ਦੌਰਾਨ ਮੁੱਖ ਮਹਿਮਾਨ ਦੇ ਤੌਰ 'ਤੇ ਸਮਾਜ ਸੇਵਕ ਜਗਮੇਲ ਸਿੰਘ ਸੰਧੂ (ਜਰਮਨ) ਤੇ ਡਾ. ਲਖਵੀਰ ਸਿੰਘ ਏ. ਡੀ. ਓ ਫਿਲੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ । ਇਸ ਮੌਕੇ ਮਾਸਟਰ ਜਸਪਾਲ ਸੰਧੂ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਭਾਸ਼ਣ, ਲੇਖ ਤੇ ਚਿੱਤਰਕਾਰੀ ਮੁਕਾਬਲੇ



ਕਰਵਾਏਗਏ । ਇਸ ਮੌਕੇ ਸਾਰੇ ਹੀ ਵਿਦਿਆਰਥੀਆਂ ਨੂੰ ਸਰਟੀਫਿਕੇਟ, ਡਰਾਇੰਗ ਬੁੱਕਸ ਤੇ ਕਲਰ ਪੈੱਨ ਤਕਸੀਮ ਕੀਤੇ ਗਏ । ਭਾਸ਼ਣ, ਡਰਾਇੰਗ ਤੇ ਲੇਖ ਮੁਕਾਬਲਿਆਂ 'ਚ ਪਹਿਲੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ । ਇਸ ਮੌਕੇ ਪਰਾਲੀ ਦੀ ਸੁਚੱਜੀ ਸਾਂਭ ਸੰਭਾਂਲ ਸੰਬੰਧੀ ਡਾ. ਲਖਵੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਬੱਚਿਆਂ ਨੂੰ ਜਾਗਰੂਕ ਕੀਤਾ । ਸਮਾਗਮ ਨੂੰ ਮਾਸਟਰ ਜਸਪਾਲ ਸੰਧੂ, ਦਲਵਿੰਦਰ ਸਿੰਘ ਅੱਪਰਾ ਤੇ ਜਗਮੇਲ ਸਿੰਘ ਸੰਧੂ (ਜਰਮਨ) ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਜਗਮੇਲ ਸਿੰਘ ਸੰਧੂ ਨੂੰ ਲੋੜਵੰਦ ਵਿਦਿਅਰਥੀਆਂ ਦੀ ਫੀਸ ਦੇਣ ਕਾਰਣ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਬਲਕਾਰ ਸਿੰਘ ਐੱਸ. ਐੱਲ. ਏ, ਸੁਖਪਾਲ ਸਿੰਘ, ਕੁਲਦੀਪ ਕੌਰ, ਚੇਅਰਮੈਨ ਕਮਲ ਕੁਮਾਰ, ਮਨਦੀਪ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੀਰੂ ਬਾਲਾ, ਨੈਂਨਸੀ ਰਾਣੀ, ਪ੍ਰੋਮਿਲਾ ਦੇਵੀ, ਗੁਰਨਾਮ ਸਿੰਘ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ ।

# ਸਮਾਜ ਸੇਵੀ ਦੀਪਕ ਸ਼ਰਮਾ ਦੀਪੂ ਵੱਲੋਂ ਅਵਾਰਾ ਪਸ਼ੂਆਂ ਦੀ ਸਮੱਸਿਆ ਹੱਲ ਕਰਨ ਦੀ ਅਪੀਲ

ਅਵਾਰਾ ਪਸ਼ੂ ਅੱਜ ਇੱਕ ਗੰਭੀਰ ਸਮਾਜਿਕ ਤੇ ਸੁਰੱਖਿਆ ਚੁਣੌਤੀ ਬਣ ਚੁੱਕੇ ਹਨ। ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਬਣਾਉਣ ਵਾਲੇ ਦੀਪਕ ਸ਼ਰਮਾ ਦੀਪੂ (ਕੁਰਾਲੀ) ਨੇ ਹਾਲ ਹੀ ਵਿੱਚ ਨੌਜਵਾਨ ਵਰਗ ਅਤੇ ਸਰਕਾਰ ਦੋਵਾਂ ਨੂੰ ਇਸ ਸੰਕਟਮਈ ਮੁੱਦੇ ਪ੍ਰਤੀ ਜਾਗਰੂਕ ਹੋਣ ਅਤੇ ਇਸ ਦਾ ਠੋਸ ਹੱਲ ਲੱਭਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੜਕਾਂ 'ਤੇ ਘੁੰਮਦੇ ਅਵਾਰਾ ਪਸ਼ੂ ਨਾ ਸਿਰਫ਼ ਆਵਾਜਾਈ ਵਿੱਚ ਰੁਕਾਵਟ ਪੈਦਾ ਕਰ ਰਹੇ ਹਨ, ਬਲਕਿ ਰੋਜ਼ਾਨਾ ਹੋਣ ਵਾਲੇ ਕਈ ਹਾਦਸਿਆਂ ਦਾ ਕਾਰਨ ਵੀ ਬਣ ਰਹੇ ਹਨ।

ਦੀਪਕ ਸ਼ਰਮਾ ਦੀਪੂ ਨੇ ਖਾਸ ਤੌਰ 'ਤੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਊਰਜਾ ਅਤੇ ਉਤਸ਼ਾਹ ਨੂੰ ਇਸ ਸਮੱਸਿਆ ਦੇ ਹੱਲ ਲਈ ਸਮਰਪਿਤ ਕਰਨ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਸ਼ਕਤੀ ਹੀ ਸਮਾਜਿਕ ਬਦਲਾਅ ਦੀ ਸਭ ਤੋਂ ਵੱਡੀ ਤਾਕਤ ਹੈ। ਉਹਨਾਂ ਨੇ ਸੁਝਾਅ ਦਿੱਤਾ ਕਿ ਨੌਜਵਾਨ ਵਲੰਟੀਅਰ ਟੀਮਾਂ ਬਣਾ ਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਅਵਾਰਾ ਪਸ਼ੂਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ਜਿਵੇਂ ਗਊਸ਼ਾਲਾਵਾਂ ਤੱਕ ਪਹੁੰਚਾਉਣ ਵਿੱਚ ਸਹਿਯੋਗ ਦੇ ਸਕਦੇ ਹਨ। ਨਾਲ ਹੀ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾਵੇ



ਕਿ ਉਹ ਆਪਣੇ ਬੇਲੋੜੇ ਪਸ਼ੂਆਂ ਨੂੰ ਸੜਕਾਂ 'ਤੇ ਨਾ ਛੱਡਣ। ਨੌਜਵਾਨਾਂ ਨੂੰ ਗਊਸ਼ਾਲਾਵਾਂ ਦੀ ਮਦਦ ਫੰਡ ਜਾਂ ਸੇਵਾ ਦੇ ਰੂਪ ਵਿੱਚ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੀ ਦੇਖਭਾਲ ਦਾ ਪ੍ਰਬੰਧ ਬਿਹਤਰ ਬਣ ਸਕੇ।

ਸਮਾਜ ਸੇਵੀ ਦੀਪੂ ਨੇ ਸੂਬਾ ਤੇ ਕੇਂਦਰ ਸਰਕਾਰ ਦੋਵਾਂ ਨੂੰ ਇਸ ਸਮੱਸਿਆ ਦਾ ਪੱਕਾ ਹੱਲ ਲੱਭਣ ਲਈ ਠੋਸ ਨੀਤੀਆਂ ਬਣਾਉਣ ਦੀ ਗੁਜ਼ਾਰਿਸ਼ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਿਰਫ਼ ਅਸਥਾਈ ਕਦਮ, ਜਿਵੇਂ ਜੁਰਮਾਨੇ ਜਾਂ ਚੁੱਕਣ ਦੀ ਕਾਰਵਾਈ, ਲੰਬੇ ਸਮੇਂ ਲਈ ਕਾਫ਼ੀ ਨਹੀਂ ਹਨ। ਹਰ ਜ਼ਿਲ੍ਹੇ ਵਿੱਚ ਆਧੁਨਿਕ ਸਰਕਾਰੀ ਗਊਸ਼ਾਲਾਵਾਂ ਬਣਾਉਣ ਦੀ ਲੋੜ ਹੈ ਜਿੱਥੇ ਪਸ਼ੂਆਂ ਦੀ ਸਹੀ ਤਰ੍ਹਾਂ ਸੰਭਾਲ ਹੋ ਸਕੇ। ਇਸ ਦੇ ਨਾਲ ਹੀ ਪਸ਼ੂਆਂ ਦੀ ਨਸਬੰਦੀ ਲਈ ਵਿਆਪਕ ਅਤੇ ਨਿਰੰਤਰ ਪ੍ਰੋਗਰਾਮ ਚਲਾਉਣ ਦੀ ਵੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ ਦੀ ਗਿਣਤੀ 'ਤੇ ਕਾਬੂ ਰੱਖਿਆ ਜਾ ਸਕੇ। ਸਰਕਾਰ ਨੂੰ ਚਾਹੀਦਾ ਹੈ ਕਿ ਗਊ ਸੈੱਸ ਤੋਂ ਇਕੱਠੇ ਕੀਤੇ ਫੰਡਾਂ ਦੀ ਪਾਰਦਰਸ਼ੀ ਵਰਤੋਂ ਯਕੀਨੀ ਬਣਾਈ ਜਾਵੇ ਅਤੇ ਅਜਿਹੇ ਨਿਯਮ ਬਣਾਏ ਜਾਣ ਜਿਨ੍ਹਾਂ ਨਾਲ ਪਸ਼ੂਆਂ ਨੂੰ ਅਵਾਰਾ ਛੱਡਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋ ਸਕੇ। ਦੀਪਕ ਸ਼ਰਮਾ ਦੀਪੂ ਨੇ ਕਿਹਾ,"ਸਾਡੀਆਂ ਸੜਕਾਂ 'ਤੇ ਹੋ ਰਹੇ ਹਾਦਸੇ ਸਾਨੂੰ ਰੋਜ਼ਾਨਾ ਚੇਤਾਵਨੀ ਦੇ ਰਹੇ ਹਨ। ਇਹ ਸਿਰਫ਼ ਪਸ਼ੂਆਂ ਦਾ ਨਹੀਂ, ਮਨੁੱਖੀ ਜਾਨਾਂ ਦੀ ਸੁਰੱਖਿਆ ਦਾ ਮਾਮਲਾ ਹੈ। ਜੇ ਸਰਕਾਰ ਤੇ ਨੌਜਵਾਨ ਮਿਲ ਕੇ ਕੰਮ ਕਰਨ, ਤਾਂ ਅਸੀਂ ਜਲਦੀ ਹੀ ਇਸ ਸਮੱਸਿਆ 'ਤੇ ਨੱਥ ਪਾ ਸਕਦੇ ਹਾਂ।" ਦੀਪਕ ਸ਼ਰਮਾ ਦੀਪੂ ਦੀ ਇਹ ਅਪੀਲ ਉਨ੍ਹਾਂ ਦੀ ਸਮਾਜਿਕ ਚੇਤਨਾ ਅਤੇ ਜਨਤਕ ਸੁਰੱਖਿਆ ਪ੍ਰਤੀ ਡੂੰਘੀ ਵਚਨਬੱਧਤਾ ਦਾ ਪ੍ਰਗਟਾਵਾ ਕਰਦੀ ਹੈ। ਸਮਾਂ ਆ ਗਿਆ ਹੈ ਕਿ ਅਸੀਂ ਸਾਰੇ ਮਿਲ ਕੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਈਏ ਅਤੇ ਇੱਕ ਸੁਰੱਖਿਅਤ, ਸਾਫ਼-ਸੁਥਰੇ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਈਏ।

**ਸੁਖਵਿੰਦਰ ਸਿੰਘ ਹੈਪੀ**
**ਮੋਰਿੰਡਾ**
**9417820000**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
## HOMOEOPATHIC HEALTH CLINIC (DERBY) REGD.


MANJEET SINGH KHANBA
Award Winner 1999, 2001 & 2005 (2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ (NERVE TONIC)- ... £120

### ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE).

### ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')
INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

### ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**
LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

### ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) ... (BRUISES) ... (BED SORES) | £19 |
| BELINFLA | (IN OIL OR OINTMENT) | £19 |
| BELULCE | (IN OIL) ... ULCERS | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ABSSIL | (IN LOTION) | £19 |
| ITCSUL | (IN OIL) | £19 |
| WARTHU | (IN OIL) ... (WARTS) | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਜਪੁਜੋਤ ਕੌਰ ਨੇ ਉੱਚੀ ਛਾਲ ਲਗਾ ਕੇ ਜਿਤਿਆ ਇੱਕ ਹੋਰ ਮੈਡਲ, ਨੈਸ਼ਨਲ ਖੇਡਾਂ ਲਈ ਹੋਈ ਚੋਣ, ਕਰੇਗੀ ਪੰਜਾਬ ਨੁਮਾਇੰਦਗੀ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**-ਲੁਧਿਆਣਾ ਵਿਖੇ ਹੋਈਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਜਪਜੋਤ ਕੌਰ ਸੂਰੀ ਪਿੰਡ ਲੋਹਟ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਨੁਮਾਇੰਦਗੀ ਕਰਦੇ ਹੋਏ ਉੱਚੀ ਛਾਲ ਪ੍ਰਤੀਯੋਗਤਾ ਵਿੱਚ ਪੰਜਾਬ ਭਰ ਵਿੱਚੋਂ ਚਾਂਦੀ ਦਾ ਮੈਡਲ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਇਸ ਦੇ ਨਾਲ ਹੀ ਜਪਜੋਤ ਕੌਰ ਨੈਸ਼ਨਲ ਪੱਧਰ ਲਈ ਵੀ ਚੁਣੀ ਗਈ। ਪਿਛਲੇ ਪੰਜ ਸਾਲਾਂ ਤੋਂ ਜਪਜੋਤ ਲਗਾਤਾਰ ਵੱਖ-ਵੱਖ ਖੇਡਾਂ ਵਿੱਚ ਮੱਲਾਂ ਮਾਰ ਰਹੀ ਹੈ। ਇਸ ਤੋਂ ਪਹਿਲਾਂ ਵੀ ਉਹ ਸਟੇਜ ਪੱਧਰ 'ਤੇ ਚਾਰ ਸੋਨੇ-ਚਾਂਦੀ ਦੇ ਮੈਡਲ ਜਿੱਤ ਚੁੱਕੀ ਹੈ। ਜਿੱਥੇ ਉਸਨੇ ਆਪਣੇ ਮਾਂ-ਬਾਪ ਦਾ ਨਾਂ ਰੋਸ਼ਨ ਕੀਤਾ ਉੱਥੇ ਪਿੰਡ ਤੇ ਜ਼ਿਲ੍ਹੇ ਦਾ ਮਾਣ ਵੀ ਵਧਾਇਆ ਹੈ। ਪਿਤਾ ਜਸਵਿੰਦਰ ਸਿੰਘ ਸੂਰੀ ਜਿਹੜੇ ਉਸਦੇ ਮਾਰਗਦਰਸ਼ਕ ਵੀ ਨੇ ਧੀ ਨੂੰ ਪੁੱਤਾਂ ਵਾਂਗ ਪਾਲ ਹਰ ਥਾਂ ਪਰਛਾਵਾਂ ਬਣ ਉਸ ਦਾ ਸਾਥ ਦੇ ਰਹੇ ਨੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਦਸਿਆ ਕਿ ਹੁਣ ਅੱਗੇ ਜਪਜੋਤ ਕੌਰ ਨੈਸ਼ਨਲ ਪੱਧਰ 'ਤੇ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਏ ਹੋਰ ਵੀ ਉੱਚੀ ਉਡਾਨ ਭਰੇਗੀ।




**ਲੁਧਿਆਣਾ ਵਿਖੇ ਹੋਈਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਜਪਜੋਤ ਕੌਰ ਸੂਰੀ ਨੂੰ ਚਾਂਦੀ ਦੇ ਮੈਡਲ ਨਾਲ ਸਨਮਾਨਿਤ ਕਰਦੇ ਹੋਏ ਪਤਵੰਤੇ।**

# ਦੁਸਾਂਝ ਕਲਾਂ ਵਿਖੇ ਸੋਨੇ ਦੀ ਦੁਕਾਨ ‘ਚ ਸੰਨ ਲਾ ਕੇ ਕੀਤੀ ਚੋਰੀ

**ਫਿਲੌਰ/ਅੱਪਰਾ, (ਦੀਪਾ)**-ਹਲਕਾ ਫਿਲੌਰ ਦੇ ਪਿੰਡ ਦੁਸਾਂਝ ਕਲਾਂ ਵਿਖੇ ਅੱਜ ਤੜਕਸਾਰ ਚੋਰਾਂ ਨੇ ਇਕ ਸੋਨੇ ਦੀ ਦੁਕਾਨ ਨੂੰ ਸੰਨ ਲਗਾ ਕੇ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦੀ ਜਾਣਕਾਰੀ ਦਿੰਦਿਆਂ ਪਰਮ ਜਿਊਲਰਜ ਦੁਸਾਂਝ ਕਲਾਂ ਦੇ ਮਾਲਕ ਪੀੜਤ ਬਲਰਾਮ ਕੁਮਾਰ ਪੁੱਤਰ ਸੰਤੋਸ਼ ਕੁਮਾਰ ਵਾਸੀ ਦੁਸਾਂਝ ਕਲਾਂ ਨੇ ਦੱਸਿਆ ਕਿ ਉਹ ਬੀਤੀ ਰਾਤ ਰੋਜਾਨਾ ਦੀ ਤਰਾਂ ਆਪਣੀ ਦੁਕਾਨ ਬੰਦ ਕਰਕੇ ਘਰ ਗਏ, ਸਵੇਰ ਵੇਲੇ ਜਦੋਂ ਦੁਕਾਨ ਦਾ ਛਟਰ ਚੁੱਕ ਕੇ ਵੇਖਿਆ ਤਾਂ ਪਿਛਲੀ ਕੰਧ ਪਾੜ ਕੇ ਚੋਰਾਂ ਵਲੋਂ ਦੁਕਾਨ ਅੰਦਰ ਵੜ ਕੇ ਫੋਲਾ ਫਰੋਲੀ ਕੀਤੀ ਹੋਈ ਸੀ।ਮੌਕੇ ਤੇ ਪੁੱਜੀ ਦੁਸਾਂਝ ਕਲਾਂ ਦੀ ਪਲਿਸ ਵਲੋਂ ਸੀ ਸੀ ਕੈਮਰੇ ਚੈਕ ਕਰਨ ਤੇ ਪਤਾ ਲਗਿਆ ਕਿ ਚੋਰ ਕਰੀਬ ਤੜਕੇ ਚਾਰ ਵਜੇ ਦੁਕਾਨ ਦੀ ਕੰਧ ਪਾੜ ਕੇ ਦਾਖਲ ਹੋਏ ਚੋਰ ਨੇ ਮੂੰਹ ਕਪੜੇ ਨਾਲ ਚੰਗੀ ਤਰਾਂ ਲਪੇਟਿਆ ਹੋਇਆ ਸੀ ਤਾਂ ਕਿ ਪਹਿਚਾਣ ਨਾ ਹੋ ਸਕੇ।ਪੀੜਤ ਦੁਕਾਨਦਾਰ ਨੇ ਚੋਰਾਂ ਨੂੰ ਫੜ ਕੇ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ।





# ਸਤਨਾਮ ਜਲਾਲਪੁਰ ਚੇਅਰਮੈਨ ਤੇ ਡਾ. ਇਸ਼ਾਂਕ ਚੱਬੇਵਾਲ ਵਿਧਾਇਕ ਨੇ ਤਰਨ ਤਾਰਨ ਇਲੈਕਸ਼ਨ ਵਿੱਚ ਕੀਤਾ ਡੋਰ ਟੂ ਡੋਰ ਕੰਪੇਨ

**ਨਵਾਂਸ਼ਹਿਰ (ਜਤਿੰਦਰ ਸਿੰਘ ਕਲੇਰ )** ਪੰਜਾਬ ਦੇ ਤਰਨਤਾਰਨ ਵਿਧਾਨ ਸਭਾ ਹਲਕਾ ਵਿੱਚ ਚੋਣ ਸਰਗਰਮੀਆਂ ਸ਼ਿਖਰਾਂ ਤੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਜੋ ਤਰਨਤਾਰਨ ਤੋਂ ਚੁਣਾਬ ਮੈਦਾਨ ਵਿੱਚ ਖੜੇ ਹਨ ।ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਡਾ.ਇਸ਼ਾਂਕ ਚੱਬੇਵਾਲ ਦੀ ਟੀਮ ਤੇ ਸਤਨਾਮ ਜਲਾਲ ਪੁਰ ਹਲਕੇ ਚ ਡੋਰ ਟੂ ਡੋਰ ਮੁਹਿੰਮ ਚਲਾਉਣ ਲਈ ਤਰਨਤਾਰਨ ਪੁਹੰਚੇ ਹੋਏ ਹਨ । ਸਤਨਾਮ ਜਲਾਲਪੁਰ ਜਿਲਾ ਪ੍ਰਧਾਨ ਅਤੇ ਚੇਅਰਮੈਨ ਜਿਲਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਨੇ ਆਪਣੀ ਟੀਮ ਅਤੇ ਐਮਐਲਏ ਡਾ. ਇਸ਼ਾਂਕ ਕੁਮਾਰ, ਹਲਕਾ ਚੱਬੇਵਾਲ ਦੀ ਟੀਮ ਨਾਲ ਡੋਰ ਟੂ ਡੋਰ ਕੰਪੇਨ ਬੜੇ ਹੀ ਜੋਸ਼ੋਖ਼ਰੋਸ਼ ਨਾਲ ਪਿੰਡ ਝਮਕੇਕਲਾਂ ਵਿੱਚ ਆਰੰਭ ਕੀਤਾ। ਉਹਨਾਂ ਪਿੰਡ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਬਾਰੇ ਦੱਸਿਆ ਅਤੇ ਬੇਨਤੀ ਕੀਤੀ ਕਿ ਬਾਕੀ ਰਹਿੰਦੇ ਵਿਕਾਸ ਕਾਰਜ ਵੀ ਜਲਦੀ ਹੀ ਨੇਪਰੇ ਚਾੜੇ ਜਾਣਗੇ। ਪਿੰਡ ਵਾਸੀਆਂ ਨੇ ਖੁੱਲੇ ਦਿਲ ਨਾਲ ਆਮ ਆਦਮੀ ਪਾਰਟੀ ਦੀ ਟੀਮ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਤਾਉਣਗੇ।ਤਰਨ-ਤਾਰਨ ਦੀ ਜ਼ਿਮਨੀ ਚੋਣ ਆਪ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਬਹੁਤ ਵੱਡੇ ਫਰਕ ਨਾਲ ਜਿਤਾ ਕੇ ਭਗਵੰਤ ਮਾਨ ਮੁੱਖ ਮੰਤਰੀ ਦੀ ਝੋਲੀ ਪਾਉਣਗੇ ।



# ਪੰਜਾਬ ਸਰਕਾਰ ਤੇ ਸਕੂਲ ਸਿੱਖਿਆ ਬੋਰਡ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੋ ਰੋਜ਼ਾ ਮੇਲਾ ਕਰਵਾਇਆ ਗਿਆ

**ਬੰਗਾ ।** ਪੰਜਾਬ ਸਰਕਾਰ ਤੇ ਸਕੂਲ ਸਿੱਖਿਆ ਬੋਰਡ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬਾਬਾ ਗੋਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੰਗਾ ਵਿਖੇ ਵੱਖ - ਵੱਖ ਵਿਸ਼ਿਆ ਨਾਲ ਸਬੰਧਿਤ ਦੋ ਰੋਜਾ ਮੇਲਾ ਲਗਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਜਸਵਿੰਦਰ ਕੌਰ ਨੇ ਆਪਣੀ ਦੇਖ ਰੇਖ 'ਚ ਸਮੂਹ ਅਧਿਆਪਕਾ ਦੇ ਸਹਿਯੋਗ ਨਾਲ ਇਸ ਮੇਲੇ ਦਾ ਸੰਚਾਲਨ ਕੀਤਾ ਗਿਆ। ਇਸ ਮੇਲੇ ਦੇ ਮੁੱਖ ਮਹਿਮਾਨ ਸ਼੍ਰੀ ਕਿਰਪ-ਾਲ ਸਿੰਘ ਝੱਲੀ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਸਨ । ਪ੍ਰਿੰਸੀਪਲ ਨੇ ਦੱਸਿਆ ਕਿ ਮੇਲੇ 'ਚ ਪ੍ਰਯੋਗੀ ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਲਈ ਅਤੇ ਕਰੋ ਤੇ ਸਿੱਖੋ ਦੇ ਸਿਧਾਂਤ ਦੀ ਵਟਤੋਂ ਕਰਕੇ ਵਿਗਿਆਨ , ਸਮਾਜਿਕ ਸਿੱਖਿਆ , ਅੰਗਰੇਜੀ, ਗਣਿਤ, ਕਾਮਰਸ, ਆਰਟਸ,, ਮੈਡੀਕਲ ਅਤੇ ਨਾਨ ਮੈਡੀਕਲ ਵਿਸ਼ਿਆਂ ਨਾਲ ਸਬੰਧਿਤ ਚਾਰਟ, ਮਾਡਲ, ਵਰਕਿੰਗ ਮਾਡਲ ਪ੍ਰਾਜੈਕਟ, ਨਕਸ਼ੇ ਤੇ ਗਲੋਬ ਦੀ ਪ੍ਰਦਰਸ਼ਨੀ ਲਗਾਈ ਗਈ। ਸਮੂਹ ਬੱਚਿਆ ਨੇ ਮੇਲੇ ਵਿੱਚ ਵੱਧ ਚੜ ਕੇ ਹਿੱਸਾ ਲਿਆ। ਅਤੇ ਆਪਣੀ ਪ੍ਰਤਿਬਾ ਦਾ ਪ੍ਰਦਰਸ਼ਨ ਕੀਤਾ। ਸ਼੍ਰੀ ਝੱਲੀ ਵਲੋਂ ਸਾਰੇ ਪ੍ਰੋਜੈਕਟਾਂ ਦਾ ਨਿਰੀਖਣ ਕੀਤਾ ਗਿਆ ਅਤੇ ਬੱਚਿਆਂ ਦੀ ਵਧੀਆ ਕਾਰਗੁਜਾਰੀ ਤੋਂ ਖੁਸ਼ ਹੋ ਕੇ ਸਕੂਲ ਦੇ ਵਿਕਾਸ ਲਈ 5100/-ਰੁ. ਦੀ ਰਾਸ਼ੀ ਪ੍ਰਿੰਸੀਪਲ ਨੂੰ ਭੇਟ ਕੀਤੀ ਗਈ। ਇਸ ਮੌਕੇ ਸ਼੍ਰੀ ਝੱਲੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਸ ਤਰਾਂ ਦੇ ਸਿੱਖਿਆਤਮਕ ਮੇਲਿਆ ਦਾ ਅਯੋਜਿਨ ਕਰਕੇ ਬੱਚਿਆਂ ਵਿੱਚ ਆਤਮ ਨਿਰਭਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਪ੍ਰਿੰਸੀਪਲ ਵਲੋਂ ਸ਼੍ਰੀ ਕਿਰਪਾਲ ਸਿੰਘ ਝੱਲੀ ਸਮਾਜ ਸੇਵੀ ਦਾ ਇਸ ਦਿਆਨਤਦਾਰ ਕਾਰਜ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ।







# ਬੀ.ਐਸ.ਪੀ. ਸਪੋਰਟਸ ਵਰਲਡ ਵਾਈਡ ਦੇ ਆਗੂਆਂ ਨੇ ਹਲਕਾ ਫਗਵਾੜਾ ਦੀ ਟੀਮ ਨਾਲ " ਪੰਜਾਬ ਸੰਭਾਲੋ ਮੁਹਿੰਮ " ਤਹਿਤ ਕੀਤੀ ਮੀਟਿੰਗ

## ਮਿਸ਼ਨ 2027 ਨੂੰ ਸਫ਼ਲ ਬਣਾਉਣ ਲਈ ਬੀ.ਐਸ.ਪੀ.ਵਰਲਡ ਵਾਈਡ ਸਪੋਰਟਸ ਦੀ ਪੂਰੀ ਟੀਮ ਹਰ ਸੰਭਵ ਮੱਦਦ ਕਰੇਗੀ - ਹਰਜਿੰਦਰ ਕੁਮਾਰ/ ਬੰਗੜ

**ਫਗਵਾੜਾ ( ਚਰਨਜੀਤ ਸੱਲ੍ਹਾਂ )** ਬੀ.ਐਸ.ਪੀ. ਸਪੋਰਟਸ ਵਰਲਡ ਵਾਈਡ ਦੇ ਸੀਨੀਅਰ ਆਗੂਆਂ ਹਰਜਿੰਦਰ ਕੁਮਾਰ ਖੋਥੜਾਂ ਯੂ.ਐਸ.ਏ., ਮਦਨ ਬੰਗੜ ਅਕਾਲਗੜ੍ਹ ਇਟਲੀ ਅਤੇ ਪਾਲ ਚੰਦ ਦੁੱਗ ਇਟਲੀ ਨੇ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਆਗੂਆਂ ਨਾਲ ਪੰਜਾਬ ਸੰਭਾਲੋ ਮੁਹਿੰਮ ਅਤੇ ਮਿਸ਼ਨ 2027 ਨੂੰ ਸਫ਼ਲ ਬਣਾਉਣ ਲਈ ਵਿਸ਼ੇਸ਼ ਮੀਟਿੰਗ ਸਥਾਨਕ ਹੋਟਲ ਵਿਖੇ ਕੀਤੀ। ਮੀਟਿੰਗ ਦੌਰਾਨ ਬਸਪਾ ਪੰਜਾਬ ਵਲੋਂ ਸੂਬਾ ਪ੍ਰਧਾਨ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਅਗਵਾਈ ਵਿੱਚ ਚੱਲ ਰਹੀ ਪੰਜਾਬ ਸੰਭਾਲੋ ਮੁਹਿੰਮ ਨੂੰ ਹਰ ਘਰ ਅਤੇ ਹਰ ਵਰਗ ਤੱਕ ਲੈ ਕੇ ਜਾਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮਿਸ਼ਨ 2027 ਪੰਜਾਬ ਅੰਦਰ ਬਸਪਾ ਨੂੰ ਸਤਾ ਵਿੱਚ ਭਾਗੀਦਾਰੀ ਬਣਾਉਣ ਲਈ ਡੂੰਘੀਆਂ ਵਿਚਾਰਾ ਕੀਤੀਆਂ ਗਈਆ। ਬੀ.ਐਸ.ਪੀ. ਵਰਲਡ ਵਾਈਡ ਸਪੋਰਟਸ ਦੇ ਸੀਨੀਅਰ ਆਗੂ ਹਰਜਿੰਦਰ ਕੁਮਾਰ ਖੋਥੜਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਫਗਵਾੜਾ ਵਿੱਚ ਬਸਪਾ ਉਮੀਦਵਾਰ ਨੂੰ ਜਿਤਾਉਣ ਲਈ ਸਾਰੇ ਆਗੂਆਂ ਤੇ ਵਰਕਰਾਂ ਨੂੰ ਹੁਣ ਤੋਂ ਹੀ ਹਰ ਪਿੰਡ ਅਤੇ ਸ਼ਹਿਰ ਦੇ ਮੁਹੱਲਿਆ ਪਾਰਟੀ ਨੂੰ ਮਜ਼ਬੂਤ ਕਰਨ ਲਈ ਜਨ ਸੰਪਰਕ ਮੁਹਿੰਮ ਚਲਾਉਣੀ ਚਾਹੀਦੀ ਅਤੇ ਹਰ ਵਰਗ ਨੂੰ ਪਾਰਟੀ ਨਾਲ ਜੋੜਨ ਚਾਹੀਦਾ ਹੈ। ਉਨ੍ਹਾ ਨੇ ਕਿਹਾ ਕਿ 2027 ਵਿੱਚ ਫਗਵਾੜਾ ਵਿਧਾਨ ਸਭਾ ਤੋਂ ਬਸਪਾ ਉਮੀਦਵਾਰ ਨੂੰ ਜਿਤਾਉਣ ਲਈ ਬੀ.ਐਸ.ਪੀ.ਵਰਲਡ ਵਾਈਡ ਸਪੋਰਟਸ ਦੀ ਪੂਰੀ ਟੀਮ ਹਰ ਸੰਭਵ ਮੱਦਦ ਕਰੇਗੀ। ਇਸ ਮੌਕੇ ਮਦਨ ਬੰਗੜ ਨੇ ਕਿਹਾ ਕਿ ਮਿਸ਼ਨ 2027 ਨੂੰ ਸਫ਼ਲ ਬਣਾਉਣ ਲਈ ਪਾਰਟੀ ਦੇ ਹਰ ਵਰਕਰ ਤੇ ਲੀਡਰ ਨੂੰ ਪੂਰੀ ਇਮਾਨਦਾਰੀ ਨਾਲ ਪਾਰਟੀ ਨੂੰ ਬੂਥ ਲੈਵਲ ਤੇ ਮਜਬੂਤ ਕਰਨਾ ਚਾਹੀਦਾ ਹੈ ਅਤੇ ਆਉਣ ਵਾਲੀਆ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਉਮੀਦਵਾਰਾਂ ਦਾ ਤਨ, ਮਨ ਅਤੇ ਧਨ ਨਾਲ ਸਾਥ ਦੇ ਕੇ ਉਨ੍ਹਾ ਨੂੰ ਜਿਤਾਉਣ ਲਈ ਦਿਨ ਰਾਤ ਇੱਕ ਕਰਨਾ ਚਾਹੀਦਾ ਹੈ। ਬੰਗੜ ਨੇ ਕਿਹਾ ਕਿ ਬੀ.ਐਸ.ਪੀ. ਵਰਲਡ ਵਾਈਡ ਸਪੋਰਟਸ ਦੀ ਪੂਰੀ ਟੀਮ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਉਮੀਦਵਾਰਾਂ ਨੂੰ ਜਿਤਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਇਸ ਮੌਕੇ ਵਿਧਾਨ ਸਭਾ ਦੀ ਟੀਮ ਵਲੋਂ ਹਰਜਿੰਦਰ ਖੋਥੜਾਂ, ਮਦਨ ਬੰਗੜ ਅਕਾਲਗੜ੍ਹ ਅਤੇ ਪਾਲ ਚੰਦ ਦੁੱਗ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਮਾ.ਹਰਭਜਨ ਸਿੰਘ ਬਲਾਲੋਂ ਨੇ ਬੀ.ਐਸ.ਪੀ. ਵਰਲਡ ਵਾਈਡ ਸਪੋਰਟਸ ਦੀ ਪੂਰੀ ਟੀਮ ਦਾ ਦਿਲ ਦੀਆ ਗਹਿਰਾਈਆ ਤੋਂ ਧੰਨਵਾਦ ਕੀਤਾ ਜਿੰਨਾ ਨੇ ਹਲਕਾ ਫਗਵਾੜਾ ਦੇ ਆਗੂਆਂ ਨਾਲ ਮੀਟਿੰਗ ਕਰਕੇ ਪਾਰਟੀ ਮਜ਼ਬੂਤੀ ਲਈ ਵਿਚਾਰ ਵਟਾਂਦਰਾ ਕੀਤਾ ਅਤੇ ਮਿਸ਼ਨ 2027 ਨੂੰ ਸਫ਼ਲ ਬਣਾਉਣ ਲਈ ਆਪਣਾ ਵਡਮੁੱਲਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਬਸਪਾ ਦੇ ਸੂਬਾ ਜਨਰਲ ਸਕੱਤਰ ਪ੍ਰਵੀਨ ਬੰਗਾ, ਫਗਵਾੜਾ ਦੇ ਇੰਚਾਰਜ ਲੇਖਰਾਜ ਜਮਾਲਪੁਰ, ਹਲਕਾ ਪ੍ਰਧਾਨ ਚੁਰੰਜੀ ਲਾਲ ਕਾਲਾ ਕੌਂਸਲਰ, ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ, ਪਰਮਜੀਤ ਖਲਵਾੜਾ ਸੀਨੀਅਰ ਆਗੂ, ਇੰਜੀਨੀਅਰ ਪ੍ਰਦੀਪ ਮੱਲ, ਸਤਪਾਲ ਵਿਰਕ, ਅਮਰਜੀਤ ਖੁੱਤਣ, ਹਰਭਜਨ ਖਲਵਾੜਾ ਸਾਬਕਾ ਮੈਂਬਰ ਜਿਲ੍ਹਾ ਪ੍ਰੀਸ਼ਦ, ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ, ਬੰਟੀ ਮੋਰੋਵਾਲੀਆ, ਮਨੀ ਅੰਬੇਡਕਰ, ਸੁਰਿੰਦਰ ਕਲੇਰ, ਰਾਮ ਮੂਰਤੀ ਖੇੜਾ, ਬੀ.ਕੇ.ਰੱਤੂ ਤੋਂ ਇਲਾਵਾ ਹੋਰ ਸਾਥੀ ਹਾਜ਼ਰ ਸਨ।





**ਤਸਵੀਰ ਸਮੇਤ**

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਵਿਖੇ ਕਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਮੀਟ ਦਾ ਆਯੋਜਨ

**ਨਵਾਂਸ਼ਹਿਰ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਕਰੀਅਰ ਗਾਈਡੈਂਸ ਅਤੇ ਕਾਉਂਸਲਿੰਗ ਮੀਟ 2025 ਦਾ ਸਫਲਤਾਪੂਰਵਕ ਆਯੋਜਨ ਕੀਤਾ, ਜੋ ਕਿ ਇੱਕ ਜ਼ਿਲ੍ਹਾ ਪੱਧਰੀ ਪਹਿਲ ਹੈ ਜਿਸਦਾ ਉਦੇਸ਼ ਸਕੂਲ ਗਾਈਡੈਂਸ ਕੌਂਸਲਰਾਂ ਅਤੇ ਸਿੱਖਿਅਕਾਂ ਨੂੰ ਕਰੀਅਰ-ਮੁਖੀ ਸਿੱਖਿਆ ਵਿੱਚ ਨਵੀਨਤਮ ਸੂਝ-ਬੂਝ ਨਾਲ ਸਸ਼ਕਤ ਬਣਾਉਣਾ ਹੈ। ਇਸ ਸਮਾਗਮ ਵਿੱਚ ਜ਼ਿਲ੍ਹੇ ਭਰ ਦੇ 114 ਸਕੂਲਾਂ ਤੋਂ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਕਿ ਸਕੂਲ ਪੱਧਰ 'ਤੇ ਪ੍ਰਭਾਵਸ਼ਾਲੀ ਕਰੀਅਰ ਗਾਈਡੈਂਸ 'ਤੇ ਵੱਧ ਰਹੇ ਜ਼ੋਰ ਨੂੰ ਦਰਸਾਉਂਦੀ ਹੈ। ਇਹ ਵਰਕਸ਼ਾਪ ਸ਼੍ਰੀ ਪ੍ਰੇਮ ਕੁਮਾਰ ਮਿੱਤਲ, ਜ਼ਿਲ੍ਹਾ ਸਿੱਖਿਆ ਅਧਿਕਾਰੀ (ਡੀ.ਈ.ਓ.), ਰੂਪਨਗਰ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ ਸੀ ਅਤੇ ਇਸ ਵਿੱਚ ਐਸ. ਨਿਰਮਲ ਸਿੰਘ ਰਿਆਤ, ਮਾਨਯੋਗ ਚਾਂਸਲਰ, ਪ੍ਰੋ. (ਡਾ.) ਏ.ਐਸ. ਚਾਵਲਾ, ਵਾਈਸ ਚਾਂਸਲਰ, ਪ੍ਰੋ. ਬੀ.ਐਸ. ਸਤਿਆਲ, ਰਜਿਸਟਰਾਰ, ਅਤੇ ਸ਼੍ਰੀ ਵਿਮਲ ਮਨਹੋਤਰਾ, ਸੀਈਓ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਸਮੇਤ ਸਤਿਕਾਰਯੋਗ ਪਤਵੰਤੇ ਸ਼ਾਮਲ ਸਨ। ਇਹ ਮੀਟਿੰਗ ਸਕੂਲਾਂ ਵਿੱਚ ਕਰੀਅਰ ਕਾਉਂਸਲਿੰਗ ਦੇ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਸਿੱਖਿਅਕਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿਚਕਾਰ ਮਜ਼ਬੂਤ ਸਹਿਯੋਗ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਸੀ। ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਦੁਆਰਾ ਰਵਾਇਤੀ ਦੀਵੇ ਜਗਾਉਣ ਨਾਲ ਹੋਈ। ਵਾਈਸ ਚਾਂਸਲਰ, ਪ੍ਰੋ. (ਡਾ.) ਏ.ਐਸ. ਚਾਵਲਾ ਨੇ ਆਪਣੇ ਅਕਾਦਮਿਕ ਅਤੇ ਪ੍ਰਸ਼ਾਸਕੀ ਤਜ਼ਰਬੇ ਨੂੰ ਦਰਸਾਉਂਦੇ ਹੋਏ, ਕਰੀਅਰ ਮਾਰਗਦਰਸ਼ਨ ਅਤੇ ਸਲਾਹ-ਮਸ਼ਵਰੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੇ ਸੂਝਵਾਨ ਸ਼ਬਦਾਂ ਨੇ ਭਾਗੀਦਾਰਾਂ ਨੂੰ ਪ੍ਰੇਰਿਤ ਕੀਤਾ ਅਤੇ ਦਿਨ ਲਈ ਇੱਕ ਪ੍ਰੇਰਣਾਦਾਇਕ ਸੁਰ ਸਥਾਪਤ ਕੀਤੀ। ਡਾ.ਆਸ਼ੂਤੋਸ਼ ਸ਼ਰਮਾ, ਕਾਰਜਕਾਰੀ ਡੀਨ, ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ, ਨੇ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਅਤੇ ਦਰਸ਼ਨ ਨੂੰ ਸਾਂਝਾ ਕੀਤਾ, ਨਿਯਮਤ, ਉਦਯੋਗ-ਏਕੀਕ੍ਰਿਤ, ਅਤੇ ਸਰਕਾਰ-ਪ੍ਰਯੋਜਿਤ ਯੋਜਨਾਵਾਂ ਦੇ ਤਹਿਤ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਦਾ ਸੰਖੇਪ ਜਾਣਕਾਰੀ ਪੇਸ਼ ਕੀਤੀ। ਉਨ੍ਹਾਂ ਨੇ ਹੁਨਰ-ਅਧਾਰਤ ਸਿੱਖਿਆ ਦੇ ਖੇਤਰ ਵਿੱਚ ਐਲ ਟੀ ਐਸ ਯੂ ਦੀਆਂ ਵੱਖ-ਵੱਖ ਪ੍ਰਾਪਤੀਆਂ ਅਤੇ ਮੀਲ ਪੱਥਰਾਂ 'ਤੇ ਵੀ ਚਾਨਣਾ ਪਾਇਆ। ਡਾ. ਨਵਨੀਤ ਚੋਪੜਾ, ਡੀਨ ਅਕਾਦਮਿਕ ਅਤੇ ਖੋਜ ਅਤੇ ਵਿਕਾਸ, ਐਲ ਟੀ ਐਸ ਯੂ ਪੰਜਾਬ, ਨੇ ਰਾਸ਼ਟਰੀ ਸਿੱਖਿਆ ਨੀਤੀ (ਐਨ ਈ ਪੀ) ਅਤੇ ਰਾਸ਼ਟਰੀ ਕ੍ਰੈਡਿਟ ਫਰੇਮਵਰਕ (ਐਨ ਸੀ ਐਫ) ਦੀਆਂ ਮੁੱਖ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ, ਸਕੂਲ ਸਿੱਖਿਆ ਅਤੇ ਉੱਚ ਸਿੱਖਿਆ ਵਿਚਕਾਰ ਪਾੜੇ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਸਰੋਤ ਸੈਸ਼ਨਾਂ ਦਾ ਸੰਚਾਲਨ ਸ਼੍ਰੀ ਪ੍ਰਭਜੀਤ ਸਿੰਘ ਜ਼ਿਲ੍ਹਾ ਗਾਈਡੈਂਸ ਕੌਂਸਲਰ ਅਤੇ ਡਾ. ਜਸਵੀਰ ਸਿੰਘ, ਗਾਈਡੈਂਸ ਕੌਂਸਲਰ, ਡੀਸੀ ਦਫ਼ਤਰ, ਰੂਪਨਗਰ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਲਈ ਪ੍ਰਭਾਵਸ਼ਾਲੀ ਕਾਉਂਸਲਿੰਗ ਰਣਨੀਤੀਆਂ ਅਤੇ ਕਰੀਅਰ ਪਲੈਨਿੰਗ ਮਾਰਗਾਂ ਬਾਰੇ ਕੀਮਤੀ ਸੂਝਾਂ ਸਾਂਝੀਆਂ ਕੀਤੀਆਂ। ਸ਼੍ਰੀ ਬਲਜਿੰਦਰ ਸਿੰਘ, ਗਾਈਡੈਂਸ ਕੌਂਸਲਰ, ਜੀਐਸਐਸਐਸ ਫੂਲਪੁਰ ਗਰੇਵਾਲ ਨੇ ਵਿਦਿਆਰਥੀਆਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਾਰਗਦਰਸ਼ਨ ਅਤੇ ਕਾਉਂਸਲਿੰਗ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਇੱਕ ਜਾਣਕਾਰੀ ਭਰਪੂਰ ਭਾਸ਼ਣ ਵੀ ਦਿੱਤਾ। ਆਪਣੇ ਸਮਾਪਤੀ ਭਾਸ਼ਣ ਵਿੱਚ, ਸ਼੍ਰੀ ਪ੍ਰੇਮ ਕੁਮਾਰ ਮਿੱਤਲ, ਡੀਈਓ ਰੂਪਨਗਰ ਨੇ ਭਾਗ ਲੈਣ ਵਾਲੇ ਸਕੂਲਾਂ ਅਤੇ ਕੌਂਸਲਰਾਂ ਦੀ ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਅਤੇ ਉਤਸ਼ਾਹ ਲਈ ਪ੍ਰਸ਼ੰਸਾ ਕੀਤੀ। ਵਰਕਸ਼ਾਪ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਈ, ਜਿੱਥੇ ਸਲਾਹਕਾਰਾਂ ਨੇ ਅਨੁਭਵਾਂ ਦਾ ਆਦਾਨ-ਪ੍ਰਦਾਨ ਕੀਤਾ, ਵਧੀਆ ਅਭਿਆਸ ਸਾਂਝੇ ਕੀਤੇ, ਅਤੇ ਵਿਦਿਆਰਥੀਆਂ ਨੂੰ ਸੂਚਿਤ ਕਰੀਅਰ ਵਿਕਲਪ ਬਣਾਉਣ ਵਿੱਚ ਮਦਦ ਕਰਨ ਲਈ ਸਹਿਯੋਗੀ ਪਹੁੰਚਾਂ 'ਤੇ ਚਰਚਾ ਕੀਤੀ।






# ਕੈਨੇਡਾ ਟੈਬਲਾਈਡ ਮੈਗਜ਼ੀਨ ਦਾ ਦਿਵਾਲੀ ਵਿਸ਼ੇਸ਼ ਅੰਕ ਰੀਲੀਜ, ਕਈ ਉੱਘੀਆਂ ਸ਼ਖਸੀਅਤਾਂ ਨੇ ਕੀਤੀ ਸ਼ਿਰਕਤ



**-ਵਿਕਟੋਰੀਆ ਸਥਿਤ ਵਿਧਾਨ ਸਭਾ ਚ ਮਾਈਨਿੰਗ ਮੰਤਰੀ ਜਗਰੂਪ ਸਿੰਘ ਨਾਲ ਚੜਦੀ ਕਲਾ ਬ੍ਰਦਰਹੁਡਜ ਵੈਲਫੇਅਰ ਐਸੋਸੀਏਸ਼ਨ ਦੇ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਅਤੇ ਬਾਕੀ ਮੈਂਬਰ।**

**ਵੈਨਕੂਵਰ, ਅਕਤੂਬਰ( ਮਲਕੀਤ ਸਿੰਘ)-** ਪਿਛਲੇ 11 ਸਾਲਾਂ ਤੋਂ ਅੰਗਰੇਜ਼ੀ ਭਾਸ਼ਾ ਚ ਪ੍ਰਕਾਸ਼ਿਤ ਹੁੰਦੇ ਪ੍ਰਸਿੱਧ ਕੈਨੇਡਾ ਟੈਬਲਾਈਡ ਮੈਗਜ਼ੀਨ ਦਾ ਦਿਵਾਲੀ ਵਿਸ਼ੇਸ਼ ਅੰਕ ਰੀਲੀਜ ਕੀਤਾ ਗਿਆ। ਇਸ ਸੰਬੰਧ ਵਿੱਚ ਸਰੀ ਸਥਿਤ 124 -82 ਐਵਨਿਊ ਤੇ ਸਥਿਤ ਟਰੇਡ ਮੈਨ ਐਸੋਸੀਏਸ਼ਨ ਆਫ ਬੀਸੀ ਦੇ ਦਫਤਰ ਵਿੱਚ ਆਯੋਜਿਤ ਕਰਵਾਏ ਗਏ ਇੱਕ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਹੋਰਨਾਂ ਸ਼ਖਸੀਅਤਾਂ ਤੋਂ ਇਲਾਵਾ ਮੈਗਜ਼ੀਨ ਦੇ ਮੈਨੇਜਿੰਗ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ,ਪ੍ਰੋਫੈਸਰ ਸੀ ਜੇ ਸਿੱਧੂ ਸਾਂਝਾ ਟੀਵੀ ਹਰਪ੍ਰੀਤ ਸਿੰਘ ਮਾਨ ਕਟਲਾ,ਹਰਦਮ ਮਾਨ,ਐਡਵੋਕੇਟ ਅਵਤਾਰ ਸਿੰਘ ਧਨੋਆ, ਨਿਰੰਜਨ ਸਿੰਘ ਲਹਿਲ ,ਰਜੇਸ਼ ਜਿੰਦਲ, ਅਸ਼ਵਨੀ ਕਾਲੀਆ,ਅੰਮ੍ਰਿਤਪਾਲ ਸਿੰਘ ਢੋਟ ,ਬਲਬੀਰ ਢਿੱਲੋ, ਦੁਪਿੰਦਰ ਕੌਰ ਸਰਾਂ, ਇਕਬਾਲ ਬੈਂਸ,ਹਮੀਦ ਖਾਨ ਵਫਾਕ,ਅਜਮੇਰ ਸਿੰਘ ਭਾਗਪੁਰ ,ਅਮਰ ਢਿਲੋ,ਤਸੀਰ ਕਪਲਾ ,ਗੁਲਾਬ ਅਰੋੜਾ, ਜਿਆ ਸ਼ਰਮਾ ,ਦਿਵ ਕਾ ਰਾਣਾ ਡਡਵਾਲ ,ਸੰਜੀਵ ਸ਼ਰਮਾ,ਸ਼ੈਮ ਸ਼ਰਮਾ, ਰਵੀ ਕਾਲੀਆ ,ਦਮਨਜੀਤ ਸਿੰਘ ਬਾਸੀ, ਗੁਰਜੋਤ ਸਿੰਘ ਚੀਮਾ,ਓਕਾਰ ਸਿੰਘ ਸਿੱਧੂ ਮੋਹਾਲੀ,ਹਰਪ੍ਰੀਤ ਕੌਰ ਜੋਸ਼ਨਅਤੇ ਮਲਕੀਤ ਸਿੰਘ ਰੰਧਾਵਾ ਵੀ ਹਾਜ਼ਰ ਸਨਕ ਅੱਜ ਜਾਰੀ ਕੀਤੇ ਗਏ ਇਸ ਮੈਗਜ਼ੀਨ ਦੇ ਦਿਵਾਲੀ ਵਿਸ਼ੇਸ਼ ਅੰਕ ਚ ਕੈਨੇਡਾ ਦੀ ਉੱਘੀ ਸ਼ਖਸ਼ੀਅਤ ਰਮਨ ਸ਼ਰਮਾ ਦੀ ਤਸਵੀਰ ਮੈਗਜ਼ੀਨ ਦੇ ਮੁੱਖ ਪੇਜ ਤੇ ਪ੍ਰਕਾਸ਼ਿਤ ਕੀਤੀ ਗਈ ਅਤੇ ਨਾਲ ਦੀ ਨਾਲ ਉਹਨਾਂ ਦੀ ਕਵਰ ਸਟੋਰੀ ਵੀ ਪ੍ਰਕਾਸ਼ਿਤ ਕੀਤੀ ਗਈਕ ਅਖੀਰ ਵਿੱਚ ਉਕਤ ਮੈਗਜ਼ੀਨ ਦੇ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਵੱਲੋਂ ਆਏ ਹੋਏ ਸਾਰੇ ਹੀ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆਕ ਇੱਥੇ ਇਹ ਵੀ ਜਿਕਰ ਯੋਗ ਹੈ ਕਿ ਕਿ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਕਾਰਜਾਂ ਲਈ ਯਤਨਸ਼ੀਲ ਉਕਤ ਮੈਗਜ਼ੀਨ ਦੇ ਮੈਨੇਜਿੰਗ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਵੱਲੋਂ ਸਮੇਂ-ਸਮੇਂ ਤੇ ਲੋਕ ਭਲਾਈ ਦੇ ਕਾਰਜਾਂ ਚ ਵੱਧ ਚੜ ਕੇ ਹਿੱਸਾ ਲਿਆ ਜਾਂਦਾ ਹੈ ਅਤੇ ਇਸ ਮੰਤਵ ਲਈ ਉਹ ਪਿਛਲੇ ਕੁਝ ਮਹੀਨਿਆਂ ਤੋਂ ਉਹਨਾਂ ਵੱਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਚੜ੍ਹਦੀ ਕਲਾ ਬ੍ਰਦਰਹੁਡਜ ਵੈਲਫੇਅਰ ਐਸੋਸੀਏਸ਼ਨ ਦਾ ਗਠਨ ਕਰਕੇ ਸਮਾਜ ਭਲਾਈ ਕਾਰਜਾਂ ਚ ਯੋਗਦਾਨ ਪਾਇਆ ਜਾਂਦਾ ਪਾਇਆ ਜਾ ਰਿਹਾ ਹੈ।














# ਚੜ੍ਹਦੀ ਕਲਾ ਐਸੋਸੀਏਸ਼ਨ ਦੇ ਸਮਾਜ ਭਲਾਈ ਕਾਰਜਾਂ ਦੀ ਬੀਸੀ ਵਿਧਾਨ ਸਭਾ ਚ ਸ਼ਲਾਘਾ

## ਐਸੋਸੀਏਸ਼ਨ ਦੇ ਪੰਜ ਮੈਂਬਰਾਂ ਦਾ ਵਿਸ਼ੇਸ਼ ਸਨਮਾਨ

**ਵੈਨਕੂਵਰ,ਅਕਤੂਬਰ( ਮਲਕੀਤ ਸਿੰਘ )**-ਸਮਾਜ ਭਲਾਈ ਕਾਰਜਾਂ ਲਈ ਸਰਗਰਮ ਚੜਦੀ ਕਲਾ ਬਦਰਹੁਡਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਲਗਾਤਾਰ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿਕਟੋਰੀਆ ਸਥਿਤ ਵਿਧਾਨ ਸਭਾ ਚ ਚਲਦੇ ਹਾਊਸ ਦੌਰਾਨ ਸ਼ਲਾਘਾ ਕੀਤੀ ਗਈ। ਇਸ ਦੌਰਾਨ ਹਾਊਸ ਨੂੰ ਸੰਬੋਧਨ ਕਰਦਿਆਂ ਉੱਚ ਸਿੱਖਿਆ ਮੰਤਰੀ ਜੈਸੀ ਸੁੰਨੜ ਵੱਲੋਂ ਉਕਤ ਐਸੋਸੀਏਸ਼ਨ ਦੀ ਸਮੁੱਚੀ ਟੀਮ ਵੱਲੋਂ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਦੀ ਅਗਵਾਈ ਚ ਲੜੀਵਾਰ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ ਗਿਆ।

ਇਸ ਮੌਕੇ ਤੇ ਵਿਧਾਇਕ ਬਰਾਇਨ ਟੈਪਰ ਵੱਲੋਂ ਵੀ ਚੜ੍ਹਦੀ ਕਲਾ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਹੜ ਪੀੜਤਾਂ ਦੀ ਮਦਦ ਦੇ ਲਈ 12 ਹਜ਼ਾਰ ਡਾਲਰ ਦੀ ਵਿੱਤੀ ਸਹਾਇਤਾ ਭੇਜਣ ,ਸਮੇਂ ਸਮੇਂ ਤੇ ਖੂਨਦਾਨ ਕੈਂਪ ਲਗਾਉਣ ਦੇ ਨਾਲ ਨਾਲ ਸਫਾਈ ਮੁਹਿੰਮ ਚਲਾਉਣ ਅਤੇ ਬੀਸੀ ਚਿਲ-ਡਰਨ ਹੋਸਪਿਟਲ ਦੇ ਬੱਚਿਆਂ ਨੂੰ ਖਿਡਾਉਣੇ ਦਾਨ ਕਰਨ ਜਿਹੇ ਉਪਰਾਲਿਆਂ ਦਾ ਵੀ ਖੁੱਲ ਕੇ ਜ਼ਿਕਰ ਕੀਤਾ ਗਿਆ।। ਇਸ ਮੌਕੇ ਤੇ ਉਕਤ ਐਸੋਸੀਏਸ਼ਨ ਦੇ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ, ਐਡਵੋਕੇਟ ਅਵਤਾਰ ਸਿੰਘ ਧਨੋਆ, ਹਰਪ੍ਰੀਤ ਸਿੰਘ ਮਾਨਕਟਲਾ ,ਮਲਕੀਤ ਸਿੰਘ ਢੱਡੇ ਅਤੇ ਦਮਨਜੀਤ ਸਿੰਘ ਬਾਸੀ ਵੱਲੋਂ ਦਿੱਤੇ ਜਾ ਰਹੇ ਵਿਸ਼ੇਸ਼ ਯੋਗਦਾਨ ਦਾ ਵੀ ਜ਼ਿਕਰ ਕੀਤਾ ਗਿਆ ਅਖੀਰ ਚ ਮਾਈਨਿੰਗ ਮੰਤਰੀ ਜਗਰੂਪ ਸਿੰਘ ਬਰਾੜ ਵੱਲੋਂ ਉਕਤ ਐਸੋਸੀਏਸ਼ਨ ਦੇ ਮੈਂਬਰਾਂ ਦੇ ਸਨਮਾਨ ਵਿੱਚ ਇੱਕ ਚਾਹ ਪਾਰਟੀ ਦਾ ਆਯੋਜਨ ਵੀ ਕੀਤਾ ਗਿਆ।



**ਵਿਕਟੋਰੀਆ ਸਥਿਤ ਵਿਧਾਨ ਸਭਾ ਚ ਮਾਈਨਿੰਗ ਮੰਤਰੀ ਜਗਰੂਪ ਸਿੰਘ ਨਾਲ ਚੜਦੀ ਕਲਾ ਬ੍ਰਦਰਹੁਡਜ ਵੈਲਫੇਅਰ ਐਸੋਸੀਏਸ਼ਨ ਦੇ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਅਤੇ ਬਾਕੀ ਮੈਂਬਰ।**

# ਢਾਡੀ ਜਗਦੀਸ਼ ਸਿੰਘ ਵਡਾਲਾ ਦੇ ਜਥੇ ਵੱਲੋਂ ਵੱਖ ਵੱਖ ਗੁਰੂ ਘਰਾਂ ਚ ਢਾਡੀ ਵਾਰਾਂ ਸੁਣਾਈਆਂ ਗਈਆਂ

**ਵੈਨਕੂਵਰ, ਅਕਤੂਬਰ (ਮਲਕੀਤ ਸਿੰਘ)–** ਮਾਝੇ ਦੀ ਧਰਤੀ ਨਾਲ ਸਬੰਧਤ ਭਾਈ ਜਗਦੀਸ਼ ਸਿੰਘ ਵਡਾਲਾ (ਹਜ਼ੂਰੀ ਢਾਡੀ ਸ੍ਰੀ ਅਕਾਲ ਤਖ਼ਤ ਸਹਿਬ )ਦਾ ਢਾਡੀ ਜਥਾ ਅੱਜ ਕੱਲ ਕਨੇਡਾ ਦੌਰੇ ਦੌਰਾਨ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਚ ਸੁਸ਼ੋਭਤ ਵੱਖ ਵੱਖ ਗੁਰੂ ਘਰਾਂ ਗੁਰਮਤਿ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਨਿਹਾਲ ਕਰਨ ਦੀਆਂ ਸੇਵਾਵਾਂ ਨਿਭਾ ਰਿਹਾ ਹੈ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਚ ਸਥਿਤ ਗੁ ਦੂਖ ਨਿਵਾਰਨ ਸਹਿਬ ਵਿਖੇ ਗੱਲਬਾਤ ਕਰਦਿਆਂ ਭਾਈ ਜਗਦੀਸ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਸਮੇਤ ਕਨੇਡਾ ਦੇ ਵੱਖ ਵੱਖ ਗੁਰੂ ਘਰਾਂ ਚ ਸਿੱਖ ਇਤਿਹਾਸ ਨਾਲ ਸੰਬੰਧਿਤ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਨ ਦੀ ਸੇਵਾ ਨਿਭਾ



ਰਹੇ ਹਨ ਕਨੇਡਾ ਦੇ ਪੰਜਾਬੀ ਭਾਈਚਾਰੇ ਦੀ ਸ਼ਲਾਘਾ ਕਰਦਿਆਂ ਉਨਾਂ ਨੇ ਕਿਹਾ ਕਿ ਇੱਥੇ ਪੰਜਾਬੀਆਂ ਵੱਲੋਂ ਕੀਤੀ ਜਾਂਦੀ ਸਖਤ ਮਿਹਨਤ ਸਦਕਾ ਛੋਹੀਆਂ ਬੁਲੰਦੀਆਂ ਸੱਚਮੁੱਚ ਹੀ ਸਲਾਹਉਣ ਯੋਗ ਹਨ। ਇਸ ਮੌਕੇ ਤੇ ਉਹਨਾਂ ਦੇ ਨਾਲ ਭਾਈ ਗੁਰਮੇਲ ਸਿੰਘ ਪ੍ਰਿੰਗੜੀ ,ਭਾਈ ਸੁਖਦੇਵ ਸਿੰਘ ਬੱਲ ,ਭਾਈ ਬਲਜੀਤ ਸਿੰਘ ਮਹੱਦੀਪੁਰ ਭਾਈ ਆਦਿ ਵੀ ਹਾਜ਼ਰ ਸਨ।।

# ਜੈਸਲਮੇਰ ਰਾਜਸਥਾਨ ਦੀਆਂ ਹਵੇਲੀਆਂ



ਪਟਵਾ ਹਵੇਲੀਆਂ, ਜੈਸਲਮੇਰ (ਰਾਜਸਥਾਨ) ਵਿੱਚ ਸਥਿਤ ਭਾਰਤ ਦੀਆਂ ਸਭ ਤੋਂ ਪ੍ਰਸਿੱਧ ਅਤੇ ਸੁੰਦਰ ਹਵੇਲੀਆਂ ਵਿੱਚੋਂ ਇੱਕ ਹੈ। ਇਹ 19ਵੀਂ ਸਦੀ ਵਿੱਚ ਬਣਾਈ ਗਈ ਸੀ ਅਤੇ ਇਸ ਨੂੰ ਪਟਵਾ ਸਰਦਾਰਾਂ, ਜੋ ਕਿ ਅਮੀਰ ਵਪਾਰੀ ਸਨ, ਨੇ ਬਣਵਾਇਆ ਸੀ। ਇਹਨਾਂ ਹਵੇਲੀਆਂ ਦੇ ਮਾਲਕ ਪਟਵੇ ਉਸ ਸਮੇਂ ਦੇ ਰਾਜਿਆਂ ਦੇ ਫਾਇਨਾਂਸਰ ਵਜੋਂ ਵੀ ਜਾਣੇ ਜਾਂਦੇ ਸਨ। ਇਹ ਹਵੇਲੀਆਂ ਆਪਣੀ ਸ਼ਾਨਦਾਰ ਵਾਸਤੂਕਲਾ, ਬਾਰੀਕ ਨਕਾਸ਼ੀ, ਅਤੇ ਪੀਲੇ ਰੇਤ ਦੇ ਪੱਥਰ ਤੋਂ ਬਣੀਆਂ ਹੋਣ ਕਾਰਨ "ਸੋਨੇ ਦੀ ਹਵੇਲੀ" ਵਜੋਂ ਵੀ ਜਾਣੀਆਂ ਜਾਂਦੀਆਂ ਹਨ। ਹਵੇਲੀ ਦੀਆਂ ਬਾਲਕੋਨੀਆਂ, ਝਰੋਖੇ, ਅਤੇ ਦਰਵਾਜ਼ਿਆਂ ਤੇ ਬਹੁਤ ਹੀ ਸੂਖਮ ਕਾਰੀਗਰੀ ਕੀਤੀ ਗਈ ਹੈ। ਇਸ ਦੀਆਂ ਕੰਧਾਂ 'ਤੇ ਫੁੱਲਾਂ, ਜਾਲੀਆਂ, ਅਤੇ ਪਰੰਪਰਾਗਤ ਰਾਜਸਥਾਨੀ ਡਿਜ਼ਾਈਨ ਸ਼ਾਮਲ ਹਨ। ਪਟਵਾ ਹਵੇਲੀ ਅਸਲ ਵਿੱਚ ਪੰਜ ਵੱਖਰੀਆਂ ਹਵੇਲੀਆਂ ਦਾ ਸਮੂਹ ਹੈ, ਜੋ ਇੱਕ-ਦੂਜੇ ਨਾਲ ਜੁੜੀਆਂ ਹੋਈਆਂ ਹਨ। ਹਰ ਹਵੇਲੀ ਨੂੰ ਪਟਵਾ ਪਰਿਵਾਰ ਦੇ ਵੱਖ-ਵੱਖ ਮੈਂਬਰਾਂ ਲਈ ਬਣਾਇਆ ਗਿਆ ਸੀ। ਅੱਜਕੱਲ੍ਹ ਇਸ ਦਾ ਇੱਕ ਹਿੱਸਾ ਅਜਾਇਬ ਘਰ ਵਜੋਂ ਵਰਤੋਂ ਚ ਲਿਆਂਦਾ ਜਾ ਰਿਹਾ ਹੈ, ਜਿੱਥੇ ਪੁਰਾਣੇ ਫਰਨੀਚਰ, ਕੱਪੜੇ, ਸ਼ਾਹੀ ਸਮਾਨ, ਅਤੇ ਰਾਜਸਥਾਨੀ ਸੱਭਿਆਚਾਰ ਨਾਲ ਸਬੰਧਤ ਵਸਤੂਆਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ।ਇਹ ਹਵੇਲੀਆਂ ਜੈਸਲਮੇਰ ਦੇ ਮੁੱਖ ਸ਼ਹਿਰ ਵਿੱਚ, ਇੱਕ ਤੰਗ ਗਲੀ ਵਿੱਚ ਸਥਿਤ ਹਨ, ਜੋ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਹਨ। ਇਹਨਾ ਹਵੇਲੀਆਂ ਨੂੰ ਗੁਮਾਨ ਚੰਦ ਪਟਵਾ ਨੇ ਆਪਣੇ ਪੰਜ ਪੁੱਤਰਾਂ ਲਈ ਬਣਵਾਇਆ ਸੀ। ਇਹ ਹਵੇਲੀਆਂ 1805 ਤੋਂ 1860 ਦੇ ਵਿਚਕਾਰ ਬਣੀਆਂ ਸੀ ਅਤੇ ਇਸ ਦੀ ਉਸਾਰੀ ਵਿੱਚ ਲਗਭਗ 55 ਸਾਲ ਲੱਗ ਗਏ ਸਨ।

**ਗੁਰਵਿੰਦਰ ਸ਼ਰਮਾ ਬਠਿੰਡਾ**

# ਧਿਆਨ,ਵਿਸ਼ਵਾਸ ਤੇ ਊਰਜਾ ਦਾ ਮਿਲਾਪ ਰੇਕੀ

ਅੱਜ ਦੇ ਵਿਗਿਆਨਕ ਯੁੱਗ ਵਿੱਚ ਜਦੋਂ ਮਨੁੱਖ ਹਰੇਕ ਰੋਗ ਦਾ ਇਲਾਜ ਦਵਾਈਆਂ ਅਤੇ ਮਸ਼ੀਨਾਂ ਵਿੱਚ ਲੱਭ ਰਿਹਾ ਹੈ, ਉਸ ਵੇਲੇ ਇੱਕ ਅਜਿਹੀ ਕੁਦਰਤੀ ਸ਼ਕਤੀ ਵੀ ਮੌਜੂਦ ਹੈ ਜੋ ਬਿਨਾਂ ਕਿਸੇ ਦਵਾਈ ਦੇ ਸਰੀਰਕ ਤੇ ਮਾਨਸਿਕ ਰੋਗਾਂ ਨੂੰ ਠੀਕ ਕਰਨ ਦੀ ਸਮਰਥਾ ਰੱਖਦੀ ਹੈ। ਇਹ ਹੈਰਾਨੀ ਦੀ ਗੱਲ ਹੈ ਪਰ ਸੱਚ ਹੈ, ਇਹ ਸ਼ਕਤੀ ਹੈ ‘ਰੇਕੀ’।

‘ਰੇਕੀ’ ਦਰਅਸਲ ਧਿਆਨ ਤੇ ਆਤਮਿਕ ਸ਼ਕਤੀ ਦਾ ਰੂਪ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਿਰਫ਼ ਵਿਸ਼ਵਾਸ, ਧਿਆਨ ਤੇ ਸੱਚੀ ਲਗਨ ਦੀ ਲੋੜ ਹੈ। ਇਸ ਸ਼ਕਤੀ ਦੀ ਖੋਜ ਅਠਾਰਵੀਂ ਸਦੀ 'ਚ ਜਾਪਾਨ ਦੇ ਡਾ. ਯਸੂਈ ਨੇ ਕੀਤੀ। ਯਸੂਈ ਇਸ ਗੱਲ ਨਾਲ ਪ੍ਰੇਰਿਤ ਸਨ ਕਿ ਪੁਰਾਤਨ ਕਾਲਾਂ ਵਿੱਚ ਲੋਕ ਬਿਨਾਂ ਦਵਾਈਆਂ ਦੇ ਹੀ ਆਪਣੇ ਰੋਗਾਂ ਦਾ ਇਲਾਜ ਕਰਦੇ ਸਨ, ਉਹ ਵੀ ਕੁਦਰਤੀ ਊਰਜਾ ਦੁਆਰਾ।ਉਨ੍ਹਾਂ ਨੇ ਕਈ ਸਾਲਾਂ ਤੱਕ ਇਸ ਦੀ ਖੋਜ ਜਾਰੀ ਰੱਖੀ ਅਤੇ ਅੰਤ ਵਿੱਚ ਇਹ ਗਿਆਨ ਉਨ੍ਹਾਂ ਨੂੰ ਮਹਾਤਮਾ ਬੁੱਧ ਦੀਆਂ ਲਿਖਤਾਂ ਵਿੱਚੋਂ ਪ੍ਰਾਪਤ ਹੋਇਆ। ਇਸ ਤਰ੍ਹਾਂ ਰੇਕੀ ਦਾ ਸਬੰਧ ਵੀ ਅਸਲ ਵਿੱਚ ਭਾਰਤ ਨਾਲ ਹੀ ਜੁੜਿਆ ਹੈ, ਕਿਉਂਕਿ ਮਹਾਤਮਾ ਬੁੱਧ ਭਾਰਤ ਦੀ ਧਰਤੀ ‘ਤੇ ਹੀ ਜਨਮੇ ਅਤੇ ਰਹੇ ਸਨ।

ਰੇਕੀ ਬਾਰੇ ਹੋਰ ਜਾਣਕਾਰੀ ਲਈ ਪ੍ਰੇਮਗੜ੍ਹ (ਹੁਸ਼ਿਆਰਪੁਰ) ਦੇ ਰਹਿਣ ਵਾਲੇ ਬਲਬੀਰ ਸਿੰਘ, ਜੋ ਇਸ ਸ਼ਕਤੀ ਦੇ



ਗ੍ਰੈਂਡ ਮਾਸਟਰ ਹਨ ਅਤੇ ਜਿਨ੍ਹਾਂ ਨੂੰ ਇੰਗਲੈਂਡ ਦੀ ਪ੍ਰਸਿੱਧ ਸੰਸਥਾ "ਪਿਲਗ੍ਰੀਮ ਹਿਲਰ ਗਰੁੱਪ ਯੂ ਕੇ" ਵੱਲੋਂ ਸਨਮਾਨਿਤ ਕੀਤਾ ਗਿਆ ਹੈ, ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਸ਼ਕਤੀ ਹਰ ਮਨੁੱਖ ਦੇ ਹੱਥਾਂ ਵਿੱਚ ਵਸਦੀ ਹੈ। ਜਿਸ ਤਰ੍ਹਾਂ ਜਾਨਵਰ ਆਪਣੀ ਜੀਭ ਨਾਲ ਜਖ਼ਮ ਠੀਕ ਕਰ ਲੈਂਦੇ ਹਨ, ਓਹੀ ਕੁਦਰਤੀ ਸ਼ਕਤੀ ਮਨੁੱਖ ਨੂੰ ਵੀ ਪ੍ਰਾਪਤ ਹੈ ਹੱਥਾਂ ਰਾਹੀਂ।

ਉਨ੍ਹਾਂ ਨੇ ਇੱਕ ਸੁੰਦਰ ਉਦ-ਾਹਰਨ ਦਿੱਤੀ ਜਦੋਂ ਇੱਕ ਮਾਂ ਆਪਣੇ ਰੌਂਦੇ ਬੱਚੇ ਨੂੰ ਗੋਦ ਵਿੱਚ ਚੁੱਕ ਕੇ ਕਹਿੰਦੀ ਹੈ “ਸੋਂ ਜਾ ਮੇਰੇ ਪੁੱਤ ਸੋਂ ਜਾ” ਤੇ ਉਸਦੇ ਸਿਰ ‘ਤੇ ਹੱਥ ਫੇਰਦੀ ਹੈ, ਕੁਝ ਹੀ ਪਲਾਂ ਵਿੱਚ ਬੱਚਾ ਚੈਨ ਨਾਲ ਸੌਂ ਜਾਂਦਾ ਹੈ। ਉਸ ਪਲ ਮਾਂ ਦੇ ਹੱਥਾਂ ਵਿਚੋਂ ਉਹੀ ਕੁਦਰਤੀ ਊਰਜਾ ਦੀਆਂ ਕਿਰਨਾਂ (ਰੇਕੀ ਊਰਜਾ) ਨਿਕਲਦੀਆਂ ਹਨ ਜੋ ਆਤਮਿਕ ਸ਼ਾਂਤੀ ਦਿੰਦੀਆਂ ਹਨ।

ਬਲਬੀਰ ਸਿੰਘ ਜੀ ਦੱਸਦੇ ਹਨ ਕਿ ਜਦੋਂ ਰੇਕੀ ਨਾਲ ਇਲਾਜ ਕੀਤਾ ਜਾ ਰਿਹਾ ਹੋਵੇ, ਤਾਂ ਕਿਰਲੋਨ ਕੈਮਰੇ ਨਾਲ ਇਹ ਊਰਜਾ ਦੀਆਂ ਕਿਰਨਾਂ ਸਪਸ਼ਟ ਤੌਰ ‘ਤੇ ਵੇਖੀਆਂ ਵੀ ਜਾ ਸਕਦੀਆਂ ਹਨ।

ਇਲਾਜ ਦੇ ਦੌਰਾਨ ਜਿਹੜੇ ਸਰੀਰ ਦੇ ਹਿੱਸੇ ਵਿੱਚ ਰੋਗ ਹੋਵੇ, ਓਥੇ ਹੱਥ ਸਿਰਫ਼ ਕੁਝ ਮਿੰਟ ਰੱਖੇ ਜਾਂਦੇ ਹਨ ਅਤੇ ਊਰਜਾ ਉਸ ਰੋਗ ਨੂੰ ਜੜ੍ਹ ਤੋਂ ਖਤਮ ਕਰ ਦਿੰਦੀ ਹੈ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਊਰਜਾ ਦੂਰੀ ਤੋਂ ਵੀ ਪ੍ਰਭਾਵਸ਼ਾਲੀ ਹੈ। ਜੇਕਰ ਮਰੀਜ਼ ਦੂਰ ਹੋਵੇ ਤਾਂ ਉਸਦੀ ਤਸਵੀਰ ਜਾਂ ਫ਼ੋਨ ਦੁਆਰਾ ਵੀ ਇਲਾਜ ਕੀਤਾ ਜਾ ਸਕਦਾ ਹੈ। ਰੇਕੀ ਨਾਲ ਭੌਤਿਕ, ਮਾਨਸਿਕ ਤੇ ਆਤਮਿਕ ਤੌਰ ‘ਤੇ ਹਰ ਤਰ੍ਹਾਂ ਦੀ ਬਿਮਾਰੀ ਦਾ ਇਲਾਜ ਸੰਭਵ ਹੈ।

ਉਨ੍ਹਾਂ ਦਸਿਆ ਕਿ ਅੱਜ ਇੰਗਲੈਂਡ, ਅਮਰੀਕਾ, ਜਪਾਨ, ਜਰਮਨੀ ਅਤੇ ਮ ਲੇ ਸ਼ ੀ ਅ ਾ ਵਰਗੇ ਦੇਸ਼ਾਂ ਵਿੱਚ ਰੇਕੀ ਇਲਾਜ ਦੇ ਹਸਪਤਾਲ ਸਫਲਤਾਪੂਰਵਕ ਚੱਲ ਰਹੇ ਹਨ। ਇੱਥੋਂ ਤੱਕ ਕਿ ਬਿਊਟੀ ਪਾਰਲਰਾਂ ਵਿੱਚ ਵੀ ਇਸ ਊਰਜਾ ਦੁਆਰਾ ਚਿਹਰੇ ਦੀ ਤਾਜ਼ਗੀ ਅਤੇ ਨਿਖਾਰ ਨੂੰ ਵਧਾਇਆ ਜਾਂਦਾ ਹੈ। ਇਹ ਕੁਦਰਤੀ ਸ਼ਕਤੀ ਸਾਨੂੰ ਇਹ ਸਿੱਖ ਦਿੰਦੀ ਹੈ ਕਿ ਜਦੋਂ ਮਨ ਸ਼ਾਂਤ ਹੋਵੇ ਤੇ ਵਿਸ਼ਵਾਸ ਪੂਰਾ ਹੋਵੇ ਤਾਂ ਹਰੇਕ ਹੱਥ ਇੱਕ ਚਮਤਕਾਰੀ ਹੱਥ ਬਣ ਸਕਦਾ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

# ਖੇਤੀਬਾੜੀ ਵਿਭਾਗ ਵਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦੇ ਬੀਜ ਦੀ ਮੁਫ਼ਤ ਵੰਡ,24 ਕਿਸਾਨਾਂ ਨੂੰ ਦਿੱਤਾ 32 ਕੁਇੰਟਲ ਬੀਜ

**ਬੰਗਾ, (ਚਰਨਜੀਤ ਸੱਲ੍ਹਾਂ)** ਪੰਜਾਬ ਸਰਕਾਰ ਵੱਲੋਂ ਹੜ ਪ੍ਰਭਾਵਤ ਕਿਸਾਨਾਂ ਨੂੰ ਮੁਫਤ ਬੀਜ ਮੁਹੱਈਆ ਕਰਵਾਉਣ ਦੀ ਲੜੀ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਬਲਾਕ ਬੰਗਾ ਵਲੋਂ ਜ਼ਿਲ੍ਹਾ ਪ੍ਰਸਾਸ਼ਨ ਅਤੇ ਮੁੱਖ ਖੇਤੀਬਾੜੀ ਅਫਸਰ ਡਾ ਰਾਕੇਸ਼ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੜ੍ਹਾਂ ਦੀ ਮਾਰ ਹੇਠ ਪਿੰਡਾਂ ਦੇ ਕਿਸਾਨਾਂ ਨੂੰ ਅੱਜ ਮੁਫ਼ਤ ਕਣਕ ਬੀਜ ਸਪਲਾਈ ਕੀਤਾ ਗਿਆ ।





ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਨੇ ਇਸ ਮੌਕੇ ਦੱਸਿਆ ਕਿ ਬਲਾਕ ਬੰਗਾ ਦੇ ਪਿੰਡ ਚੇਤਾ, ਮੇਹਲੀਆਣਾ, ਮਾਂਗਟ ਡੀਂਗਰੀਆਂ, ਕਟਾਰੀਆ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਮਾਲ ਵਿਭਾਗ ਦੀ ਗਿਰਦਾਵਰੀ ਰਿਪੋਰਟ ਵਿੱਚ ਦਰਜ ਰਕਬੇ ਅਨੁਸਾਰ ਕਣਕ ਬੀਜ ਦੀ ਮੁਫ਼ਤ ਵੰਡ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੌਕੇ ’ਤੇ 24 ਕਿਸਾਨਾਂ ਨੂੰ 32 ਕੁਇੰਟਲ ਬੀਜ ਮੁਫ਼ਤ ਦਿੱਤਾ ਗਿਆ। ਬੀਜ ਲਈ ਕਿਸਾਨਾਂ ਨੂੰ ਵਿਭਾਗ ਦੇ ਪੋਰਟਲ ਤੇ ਰਜਿਸਟਰ ਕਰਨਾ ਜ਼ਰੂਰੀ ਹੈ। ਇਸ ਮੌਕੇ ਤੇ ਸ਼੍ਰੀ ਸੁਰਿੰਦਰ ਪਾਲ ਖੇਤੀ ਵਿਸਥਾਰ ਅਫ਼ਸਰ ਨੇ ਕਿਸਾਨਾਂ ਨੂੰ ਕਣਕ ਬੀਜ ਦੀ ਸੋਧ ਅਤੇ ਹੋਰ ਖੇਤੀ ਨੁਕਤੇ ਸਾਂਝੇ ਕੀਤੇ। ਸ਼੍ਰੀ ਵਿਕਰਮ ਸਿੰਘ ਏ ਈ ਓ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸੁਚੱਜੀ ਸੰਭਾਲ ਦੇ ਤਕਨੀਕੀ ਨੁਕਤੇ ਕੀਤੇ ਅਤੇ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ। ਇਸ ਮੌਕੇ ਤੇ ਰਾਜ ਕੁਮਾਰ ਸਰਪੰਚ ਮੇਹਲੀਆਣਾ,ਭੁਪਿੰਦਰ ਸਿੰਘ, ਗੁਰਵਿੰਦਰ ਘੁੰਮਣ, ਗੁਰਮੀਤ ਸਿੰਘ ਚੇਤਾ ਸ਼੍ਰੀ ਕੁਲਵਿੰਦਰ ਸਿੰਘ ਨੰਬਰਦਾਰ ਚੇਤਾ, ਸੋਮ ਦਤ, ਚਮਕੌਰ ਸਿੰਘ, ਅਮਰ ਬੰਗਾ,ਅਵਤਾਰ ਸਿੰਘ ਨੰਬਰਦਾਰ ਅਤੇ ਹੋਰ ਹਾਜ਼ਰ ਸਨ।

# ਪੁਸ਼ਕਰ (ਰਾਜਸਥਾਨ)

ਭਾਰਤ ਦੇ ਰਾਜਸਥਾਨ ਰਾਜ ਵਿੱਚ ਸਥਿਤ ਇੱਕ ਪ੍ਰਸਿੱਧ ਤੀਰਥ ਸਥਾਨ ਅਤੇ ਸੈਰ-ਸਪਾਟਾ ਸਥਾਨ ਹੈ। ਇਹ ਅਜਮੇਰ ਜ਼ਿਲ੍ਹੇ ਵਿੱਚ ਅਰਾਵਲੀ ਪਹਾੜੀਆਂ ਦੇ ਨੇੜੇ ਸਥਿਤ ਹੈ ਅਤੇ ਇੱਕ ਪਵਿੱਤਰ ਪੁਸ਼ਕਰ ਸਰੋਵਰ, ਲਈ ਮਸ਼ਹੂਰ ਹੈ। ਇਹ ਸਥਾਨ ਹਿੰਦੂ ਧਰਮ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ ਅਤੇ ਇਸ ਨੂੰ "ਤੀਰਥਰਾਜ" (ਤੀਰਥਾਂ ਦਾ ਰਾਜਾ) ਵੀ ਕਿਹਾ ਜਾਂਦਾ ਹੈ। ਪੁਸ਼ਕਰ ਵਿੱਚ ਭਗਵਾਨ ਸ਼੍ਰੀ ਬ੍ਰਹਮਾ ਜੀ ਦਾ ਇੱਕ ਦੁਰਲੱਭ ਮੰਦਿਰ ਹੈ, ਜੋ ਦੁਨੀਆਂ ਦੇ ਗਿਣਤੀ ਦੇ ਕੁਝ ਬ੍ਰਹਮਾ ਮੰਦਿਰਾਂ ਵਿੱਚੋਂ ਇੱਕ ਹੈ। ਹਿੰਦੂ ਮਾਨਤਾ ਅਨੁਸਾਰ, ਬ੍ਰਹਮਾ ਜੀ ਨੇ ਇੱਥੇ ਇੱਕ ਯੱਗ ਕੀਤਾ ਸੀ, ਜਿਸ ਨਾਲ ਪੁਸ਼ਕਰ ਦਾ ਧਾਰਮਿਕ ਮਹੱਤਵ ਵਧਿਆ।

ਪੁਸ਼ਕਰ ਸਰੋਵਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ, ਅਤੇ ਅਜਿਹਾ ਵਿਸ਼ਵਾਸ ਹੈ ਕਿ ਇਸ ਵਿੱਚ ਡੁੱਬਕੀ ਲਗਾਉਣ ਨਾਲ ਪਾਪ ਧੋਤੇ ਜਾਂਦੇ ਹਨ। ਸ਼੍ਰੀ ਬ੍ਰਹਮਾ ਜੀ ਦੇ ਮੰਦਰ ਦੇ ਨਾਲ 52 ਘਾਟ ਹਨ ਜਿਨ੍ਹਾਂ ਚ ਅਲਗ ਅਲਗ ਗੋਤਰ ਦੇ ਲੋਕ ਇਸ਼ਨਾਨ ਕਰਦੇ ਹਨ। ਪੁਸ਼ਕਰ ਵਿੱਚ ਹਰ ਸਾਲ ਕਾਰਤਿਕ ਮਹੀਨੇ (ਅਕਤੂਬਰ-ਨਵੰਬਰ) ਦੌਰਾਨ ਮਸ਼ਹੂਰ ਪੁਸ਼ਕਰ ਊਂਠ ਤੇ ਘੋੜਿਆਂ ਦਾ ਮੇਲਾ ਲੱਗਦਾ ਹੈ। ਇਹ ਮੇਲਾ ਨਾ ਸਿਰਫ਼ ਪਸ਼ੂ ਵਪਾਰ ਲਈ, ਸਗੋਂ ਸੱਭਿਆਚਾਰਕ ਪ੍ਰਦਰਸ਼ਨੀਆਂ, ਸੰਗੀਤ, ਨਾਚ ਅਤੇ ਰਾਜਸਥਾਨੀ ਸਭਿਆਚਾਰ ਦੇ ਜਸ਼ਨ ਲਈ ਵੀ ਮਸ਼ਹੂਰ ਹੈ। ਇਸ ਦੌਰਾਨ ਸੈਲਾਨੀਆਂ ਦੀ ਭਾਰੀ ਭੀੜ ਇਕੱਠੀ ਹੁੰਦੀ ਹੈ। ਭਾਰਤ ਤੋਂ ਇਲਾਵਾ ਇਸ ਮੇਲੇ ਚ ਵਿਦੇਸ਼ੀ ਸੈਲਾਨੀ ਵੀ ਵੱਡੀ ਗਿਣਤੀ ਚ ਪਹੁੰਚਦੇ ਹਨ। ਪੁਸ਼ਕਰ, ਅਜਮੇਰ ਸ਼ਹਿਰ ਤੋਂ ਲਗਭਗ 14 ਕਿਲੋਮੀਟਰ ਦੂਰ ਹੈ ਅਤੇ ਜੈਪੁਰ ਤੋਂ ਲਗਭਗ 150 ਕਿਲੋਮੀਟਰ ਦੀ ਦੂਰੀ 'ਤੇ ਹੈ। ਨਜ਼ਦੀਕੀ ਰੇਲਵੇ ਸਟੇਸ਼ਨ ਅਜਮੇਰ ਹੈ, ਅਤੇ ਸੜਕ ਮਾਰਗ ਰਾਹੀਂ ਪੁਸ਼ਕਰ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ। ਪੁਸ਼ਕਰ ਦੀ ਸ਼ਾਂਤ ਵਾਦੀ, ਰੇਤਲੇ ਟਿੱਬੇ ਅਤੇ ਸਰੋਵਰ ਦੇ ਨਜ਼ਾਰੇ ਸੈਲਾਨੀਆਂ ਨੂੰ ਆਕਰਸ਼ਿਤ ਕਰਦੇ ਹਨ। ਪੁਸ਼ਕਰ ਇੱਕ ਸ਼ੁੱਧ ਸ਼ਾਕਾਹਾਰੀ ਸ਼ਹਿਰ ਹੈ ਅਤੇ ਇੱਥੇ ਮਾਸ ਅਤੇ ਸ਼ਰਾਬ ਦੀ ਮਨਾਹੀ ਹੈ।





ਸਥਾਨਕ ਰਾਜਸਥਾਨੀ ਭੋਜਨ, ਜਿਵੇਂ ਕਿ ਦਾਲ-ਬਾਟੀ-ਚੂਰਮਾ, ਬੇਸਨ ਗੱਟਾ ਅਤੇ ਪੁਸ਼ਕਰ ਦੀਆਂ ਮਸ਼ਹੂਰ ਮਿਰਚੀ-ਵੜਾ ਅਤੇ ਕਚੌਰੀਆਂ ਬਹੁਤ ਪ੍ਰਸਿੱਧ ਹਨ।

**ਗੁਰਵਿੰਦਰ ਸ਼ਰਮਾ ਬਠਿੰਡਾ**

for more news visit:
www.samajweekly.com

# ਉਬਲਦੀਆਂ ਦੇਗਾਂ ਵਿੱਚ ਬੈਠਣ ਵਾਲੇ ਸਿਦਕੀ ਭਾਈ ਦਿਆਲਾ ਜੀ



**ਧੰਨ ਧੰਨ ਦਯਾਲ ਦਾਸ ਜੱਸ ਤਉ ਕਾ**
**ਰਿਧ ਚੁਗੱਤੇ ਦੇਗੇ ਭੀਤਰ ਧਰਿਆ**
**(ਭੱਟ ਵਹੀ)**

ਭਾਈ ਦਿਆਲਾ ਦਾਸ ਜੀ ਦਾ ਜਨਮ ਬਾਬਾ ਮਾਈਦਾਸ ਜੀ ਦੇ ਘਰ ਮਾਤਾ ਮਾਧੁਰੀ ਜੀ ਦੀ ਕੁੱਖੋਂ ਪਿੰਡ ਅਲੀਪੁਰ ਜਿਲਾ ਮੁਜ਼ੱਫਰਗੜ ਵਿਖੇ ਹੋਇਆ ।ਆਪ ਜੀ ਦੇ ਹੋਰ 11 ਭਰਾ ਸਨ, ਜਿਨ੍ਹਾਂ ਵਿਚੋਂ ਕੇਵਲ ਭਰਾ ਸ੍ਰੀ ਅਮਰ ਚੰਦ ਨੂੰ ਛੱਡ ਕੇ ਬਾਕੀ ਸਾਰੇ ਨੇ ਸਿੱਖ ਧਰਮ ਲਈ ਸ਼ਹਾਦਤਾਂ ਦਿੱਤੀਆਂ। ਆਪ ਨਾਮ-ਬਾਣੀ ਦੇ ਰਸੀਏ, ਪੱਕੇ ਇਰਾਦੇ ਵਾਲੇ ਗੁਰਸਿੱਖ, ਨੇਕ ਤੇ ਇਮਾਨਦਾਰੀ ਨਾਲ ਕਿਰਤ ਕਮਾਉਣ ਵਾਲੇ ਮਹਾਂਪੁਰਸ਼ ਸਨ।

ਆਪ ਜੀ ਦਾ ਜੀਵਨ ਗੁਰੂ-ਘਰ ਦੀ ਸੇਵਾ ਸਿਮਰਨ ਨਾਲ ਭਰਪੂਰ ਸੀ ਅਤੇ ਆਪ ਜੀ ਸਿੱਖੀ-ਸਿਦਕ ਵਿੱਚ ਨਿਪੁੰਨ ਸਨ ! ਧੰਨ ਧੰਨ ਸਾਹਿਬ "ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ " ਦੁਆਰਾ ਕਸ਼ਮੀਰੀ ਪੰਡਿਤਾਂ ਦੇ ਓਹਨਾਂ ਉੱਤੇ ਔਰੰਗਜੇਬ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਨੂੰ ਠਲ੍ਹ ਪਾਉਣ ਖਾਤਿਰ ਕੀਤੀ ਬੇਨਤੀ ਨੂੰ ਪਰਵਾਨ ਕਰਦੇ ਹੋਏ ਦਿੱਲੀ ਵੱਲ ਕੂਚ ਕਰਨ ਦੇ ਫੈਸਲੇ ਨੂੰ ਮਨਦੇ ਹੋਏ । ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ ਨਾਲ "ਭਾਈ ਦਿਆਲਾ ਜੀ" ਵੀ ਰਵਾਨਾ ਹੋਏ।

ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਪੰਜ ਸਿੱਖਾਂ ਸਮੇਤ ਦਿੱਲੀ ਦੇ ਕੈਦਖਾਨੇ ਵਿੱਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਦੁਆਰਾ ਗੁਰੂ ਸਾਹਿਬ ਨੂੰ ਧਰਮ ਪਰਿਵਰਤਨ ਕਰਨ ਜਾਂ ਮੌਤ ਕਬੂਲਣ ਦੇ ਵਿੱਚੋਂ ਇੱਕ ਨੂੰ ਚੁਣਨ ਬਾਬਤ ਕਿਹਾ ਗਿਆ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾ-ਦੁਰ ਸਾਹਿਬ ਜੀ ਫੁਰਮਾਇਆ

‘ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ’ -

ਭਾਵ ਅਸੀਂ ਕਿਸੇ ਨੂੰ ਭੈ ਦਿੰਦੇ ਨਹੀਂ ਤੇ ਨਾ ਹੀ ਕਿਸੇ ਦਾ ਭੈ ਮੰਨਣ ਲਈ ਤਿਆਰ ਹਾਂ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੁਆਰਾ ਧਰਮ ਪਰਿਵਰਤਨ ਦੀ ਇਨਕਾਰੀ ਤੋਂ ਬਾਅਦ ਔਰੰਗਜ਼ੇਬ ਦਾ ਗੁੱਸਾ ਸੱਤਵੇਂ ਅਸਮਾਨ ਤੇ ਚੜ੍ਹ ਗਿਆ। ਰਹਿੰਦੀ ਕਸਰ ਉਸ ਦੇ ਕੱਟੜ ਕਾਜ਼ੀਆਂ ਤੇ ਜ਼ਾਲਮ ਦਰਬਾਰੀਆਂ ਦੁਆਰਾ ਉਸ ਨੂੰ ਚੁੱਕਣਾ ਦੇ ਕੇ ਪੂਰੀ ਕਰ ਦਿੱਤੀ ਗਈ। ਸੱਤਾ ਦੇ ਨਸ਼ੇ ਵਿੱਚ ਅੰਨਾ ਹੋਇਆ ਔਰੰਗਜ਼ੇਬ ਗੁਰੂ ਸਾਹਿਬ ਅਤੇ ਉਹਨਾਂ ਦੇ ਸਿੱਖਾਂ ਦੇ ਸਬਰ ਦਾ ਇਮਤਿਹਾਨ ਜਬਰ ਤੇ ਜ਼ੁਲਮ ਨਾਲ ਲੈਣਾ ਚਾਹੁੰਦਾ ਸੀ।ਮੁਗ਼ਲ ਹਾਕਮ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਡਰ, ਭੈ ਜਾਂ ਲਾਲਚ ਦੇ ਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਇਸਲਾਮ ਦੇ ਦਾਇਰੇ ਵਿਚ ਲੈ ਆਈਏ ਪਰ ਜਦੋਂ ਉਹਨਾਂ ਦੀ ਹਰ ਕੋਸ਼ਿਸ਼ ਨਾਕਾਮ ਹੋ ਗਈ ਤਾਂ ਉਹਨਾਂ ਨੇ ਜ਼ਬਰ ਜ਼ੁਲਮ ਦੀ ਇੰਤਿਹਾ ਕਰ ਦਿੱਤੀ। ਔਰੰਗਜ਼ੇਬ ਨੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਪ੍ਰਭਾਵਿਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਰਵਾ ਦਿੱਤਾ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਬੰਨ੍ਹ ਕੇ ਸੜਵਾ ਦਿੱਤਾ।

ਇਨ੍ਹਾਂ ਜਬਰ ਤੇ ਜ਼ੁਲਮ ਹੁੰਦਾ ਵੇਖ ਕੇ ਲੋਕਾਂ ਨੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਝੁੱਕ ਸਿਜਦੇ ਕੀਤੇ।

ਆਪਣੀਆਂ ਕੋਝੀਆਂ ਤੇ ਜ਼ਾਲਮ ਚਾਲਾਂ ਵਿੱਚ ਅਸਫਲ ਹੁੰਦੇ ਵੇਖ ਕੇ ਔਰੰਗਜ਼ੇਬ ਨੇ ਆਪਣੇ ਕਾਜ਼ੀਆਂ ਨੂੰ ਫ਼ਤਵਾ ਜਾਰੀ ਕੀਤਾ ਕਿ ਭਾਈ ਦਿਆਲਾ ਨੂੰ ਦੇਗ਼ ਵਿੱਚ ਉਬਾਲ ਕੇ ਸ਼ਹੀਦ ਕੀਤਾ ਜਾਵੇ।

ਔਰੰਗਜੇਬ ਦਿਆਲੇ ਨੂੰ ਆਖਦਾ ਤੇਰੇ ਨਫੇ ਦੀ
ਬਾਤ ਸੁਣਾ ਦੇਵਾਂ ।
ਛੱਡ ਕੁਫਰ ਤੋ ਦੀਨ ਕਬੂਲ ਕਰ ਲੈਂ , ਤੂੰ ਨੇਕੀ
ਦੀ ਗਲ ਸਮਝਾ ਦੇਵਾਂ ।
ਫਤਵਾ ਸ਼ਰੂ ਦਾ ਮੌਤ ਸਜ਼ਾ , ਪਰ ਜੋ , ਪੜੇ
ਕਲਮਾ ਤਾਂ ਤੈਨੂੰ ਬਚਾ ਦੇਵਾਂ ।
ਸਿੱਖੀ ਵਿੱਚੋਂ ਕੀ ਖਟਣਾ ਸੋਚ ਤਾਂ ਸਹੀ , ਸਚੇ
ਦੀਨ ਦੀ ਸਾਂਝੀ ਬਣਾ ਦੇਵਾਂ ।
ਭਾਈ ਦਿਆਲਾ ਜੀ : ਅੱਗੇ ਕਿਹਾਂ ਦਿਆਲ ਨੇ
ਸੁਈਂ ਸ਼ਾਹਾ , ਜਿੰਦ ਸਿਖੀ ਤੋਂ ਘੋਲ ਘੁਮਾਵਾਂਗਾ
ਮੈਂ ।
ਰੋਮ - ਰੋਮ ਅੰਦਰ ਗੁਰੂ ਨਾਨਕ ਰਚਿਆ , ਡਰ
ਕੇ ਮੌਤ ਤੋਂ ਨਹੀਂ ਘਬਰਾਵਾਂਗਾ ਮੈਂ ।
ਮੈਨੂੰ ਦੀਨ ਇਸਲਾਮ ਮਨਜੂਰ ਨਹੀਂ , ਨਾਨਕ
ਗੁਰੂ ਸਿੱਖ ਸਦਾਵਾਂਗਾ ਮੈਂ ।
ਤੇਰੇ ਫਤਵੇ ਦਾ ਖੋਵ ਨਾ ਮੂਲ ਮੈਨੂੰ ,
ਸੀਸ ਸਿਖੀ ਦੇ ਨਾਮ ਤੇ ਲਾਵਾਂਗਾ ਮੈਂ ॥

ਭਾਈ ਦਿਆਲਾ ਜੀ ਨੂੰ ਜੇਲ੍ਹ ਦੀ ਕੋਠੜੀ ਚੋਂ ਬਾਹਰ ਕੱਢ ਕੇ ਉਹਨਾਂ ਨੂੰ ਸ਼ਹੀਦ ਕਰਨ ਵਾਲੇ ਅਸਥਾਨ ਤੇ ਲਿਜਾਇਆ ਗਿਆ। ਉੱਥੇ ਇੱਕ ਵੱਡੀ ਤੇ ਭਾਰੀ ਦੇਗ਼ ਨੂੰ ਪਾਣੀ ਨਾਲ ਭਰ ਕੇ ਹੇਠਾਂ ਅੱਗ ਮਚਾ ਕੇ ਉਬਾਲਿਆ ਗਿਆ। ਜਦੋਂ ਪਾਣੀ ਉਬਲਣ ਲੱਗ ਪਿਆ ਤਾਂ ਭਾਈ ਦਿਆਲਾ ਜੀ ਨੂੰ ਵਿੱਚ ਬਿਠਾ ਦਿੱਤਾ ਗਿਆ। ਭਾਈ ਦਿਆਲਾ ਜੀ ਨੇ ਉਬਲਦੇ ਪਾਣੀ ਵਿੱਚ ਸਮਾਧੀ ਲਾ ਲਈ ਅਤੇ ਸ੍ਰੀ ਜਪੁਜੀ ਸਾਹਿਬ ਦੇ ਪਾਠ ਆਰੰਭ ਕਰ ਦਿੱਤੇ। ਜਲਦੀ ਹੀ ਭਾਈ ਦਿਆਲਾ ਜੀ ਦਾ ਮਾਸ ਗ਼ਲਣ ਲੱਗ ਪਿਆ ਅਤੇ ਅੰਗ ਵੱਖਰੇ ਵੱਖਰੇ ਹੋਣ ਲੱਗ ਪਏ। ਵੇਖਣ ਵਾਲੇ ਜ਼ਾਲਮ ਇਹ ਕੌਤਕ ਵੇਖ ਕੇ ਸਿੱਖਾਂ ਦੀ ਦ੍ਰਿੜਤਾ ਅਤੇ ਗੁਰੂ ਘਰ ਵਿੱਚ ਵਿਸ਼ਵਾਸ ਤੱਕ ਕੇ ਕੰਬ ਉੱਠੇ। ਕੁਝ ਸਮੇਂ ਦੇ ਅੰਤਰਾਲ ਤੋਂ ਬਾਅਦ ਭਾਈ ਸਾਹਿਬ ਦਾ ਸਰੀਰ ਗੱਲ ਗਿਆ ਤੇ ਭਾਈ ਸਾਹਿਬ ਸ਼ਹਾਦਤ ਦਾ ਜਾਮ ਪੀ ਗਏ। ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਕੋਟਾਨਿ ਕੋਟਿ ਪ੍ਰਣਾਮ॥

ਭੁੱਲ ਚੁੱਕ ਦੀ ਖਿਮਾ



**ਦਾਸ ਸੁਰਿੰਦਰ ਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ**

# ਵਾਰਤਕ, ਕਹਾਣੀ, ਕਵਿਤਾ ਦਾ ਸੁਹਜਮਈ ਸੁਮੇਲ: ਕੁਲਵਿੰਦਰ ਸਿੰਘ ਬਾਠ ਦੀ 'ਤਾਣੇ-ਬਾਣੇ'

ਪੰਜਾਬੀ ਪਾਠਕਾਂ ਲਈ ਡਾ. ਕੁਲਵਿੰਦਰ ਸਿੰਘ ਬਾਠ ਸ਼ਾਇਦ ਨਵਾਂ ਨਾਂ ਹੋਵੇ ਕਿਉਂਕਿ ਪ੍ਰਸਤੁਤ ਪੁਸਤਕ ਤੋਂ ਪਹਿਲਾਂ ਉਸਦਾ ਇਕ ਕਾਵਿ ਸੰਗ੍ਰਹਿ 'ਜ਼ਿੰਦਾਦਿਲੀ' ਹੀ ਪ੍ਰਕਾਸ਼ਿਤ ਹੋਇਆ ਹੈ, ਪਰ ਪੰਜਾਬੀ ਲੇਖਕਾਂ ਲਈ ਇਹ ਨਾਂ ਓਪਰਾ ਨਹੀਂ, ਕਿਉਂਕਿ ਸਾਹਿਤਕ ਪੁਸਤਕਾਂ ਦੇ ਰਿਵਿਊ ਕਰਨ ਵਿਚ ਉਹ ਇਕ ਵਿਸ਼ੇਸ਼ ਮੁਕਾਮ ਹਾਸਲ ਕਰ ਚੁੱਕਿਆ ਹੈ। ਭਾਵੇਂ ਕੁਲਵਿੰਦਰ ਵਿਗਿਆਨ ਦਾ ਵਿਦਿਆਰਥੀ ਰਿਹਾ ਹੈ ਅਤੇ ਅੱਜ ਕੱਲ ਅਮਰਿਕਾ ਰਹਿੰਦਾ ਹੋਇਆ ਵੀ ਉਹ ਵਿਗਿਆਨ (ਮਾਈਕਰੋ ਬਾਇਲੌਜੀ) ਦੇ ਖੇਤਰ ਵਿਚ ਕਾਰਜਸ਼ੀਲ ਹੈ ਅਤੇ ਪੰਜਾਬੀ ਤਾਂ ਉਸਨੇ ਸਕੂਲ ਦੇ ਸਮੇਂ ਹੀ ਪੜ੍ਹੀ ਸੀ, ਪਰ ਪਤਾ ਨਹੀਂ ਉਹ ਪੰਜਾਬੀ ਦੀ ਉੱਚ ਪੜ੍ਹਾਈ ਕੀਤੇ ਕਈ ਅਖੌਤੀ ਵਿਦਵਾਨਾਂ ਨਾਲੋਂ ਵਧੀਆ ਪੰਜਾਬੀ ਕਿਵੇਂ ਲਿਖ ਲੈਂਦਾ ਹੈ? ਪੁਸਤਕ ਦੇ ਨਾਂ 'ਤਾਣੇ-ਬਾਣੇ' ਦੇ ਨਾਲ ਉਸਨੇ ਵਾਰਤਕ ਸ਼ਬਦ ਲਿਖਿਆ ਹੈ, ਪਰ ਪੁਸਤਕ ਦੇ ਅਧਿਐਨ ਸਮੇਂ ਮੈਨੂੰ ਇਹ ਹੈਰਾਨੀ ਹੋ ਰਹੀ ਸੀ ਕਿ ਕੋਈ ਨਵਾਂ ਲੇਖਕ ਆਪਣੀ ਪਹਿਲੀ ਹੀ ਵਾਰਤਕ ਪੁਸਤਕ ਵਿਚ ਅਜਿਹੀ ਪ੍ਰਪੱਕ ਵਾਰਤਕ ਸ਼ੈਲੀ ਕਿਵੇਂ ਵਰਤ ਸਕਦਾ ਹੈ? ਵਾਰਤਕ ਸ਼ੈਲੀ ਦੇ ਨਾਲ-ਨਾਲ ਜਿਵੇਂ ਉਸਨੇ ਵਾਰਤਕ ਵਿਚ ਕਹਾਣੀ ਰਸ ਪੈਦਾ ਕੀਤਾ ਹੈ, ਕਾਵਿਕ ਰੰਗਣ ਦੀ ਪੁੱਠ ਚਾੜ੍ਹੀ ਹੈ, ਹਾਸ-ਰਸ ਪੈਦਾ ਕੀਤਾ ਹੈ ਅਤੇ ਵਿਅੰਗ-ਬਾਣ ਚਲਾਏ ਹਨ, ਗੁਰਬਾਣੀ ਵਿਚੋਂ ਢੁਕਵੀਆਂ ਉਦਾਹਰਣਾਂ ਦੇ ਕੇ ਕਈ ਥਾਂ ਗੁਰਬਾਣੀ ਦੇ ਸ਼ਾਬਦਿਕ ਅਰਥਾਂ ਨਾਲੋਂ ਨਵੇਂ ਸਿਰੇ ਤੋਂ ਵਿਆਖਿਆ ਕੀਤੀ ਹੈ ਅਤੇ ਮੁਹਾਵਰਿਆਂ, ਅਖਾਣਾ ਦੀ ਵਰਤੋਂ ਕਰਕੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ, ਉਹ ਕਾਬਲੇ ਤਾਰੀਫ਼ ਵੀ ਹੈ ਅਤੇ ਮੇਰੇ ਵਰਗੇ ਕਲਮ ਝਰੀਟ ਲਈ ਕਾਬਲੇ ਰਸ਼ਕ ਵੀ।

ਪ੍ਰਸਤੁਤ ਪੁਸਤਕ ਵਿਚ ਡਾ. ਬਾਠ ਨੇ 42 ਵੱਖ-ਵੱਖ ਵਿਸ਼ਿਆਂ ਤੇ ਲੇਖ ਲਿਖੇ ਹਨ, ਇਹਨਾਂ ਵਿਚੋਂ ਕੁਝ ਤਾਂ ਨਿੱਕੀਆਂ ਕਹਾਣੀਆਂ ਦਾ ਰੂਪ ਹੀ ਹਨ। ਇਹ ਕਹਾਣੀਆਂ ਅਸਲ ਵਿਚ ਉਸਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਤੇ ਅਧਾਰਿਤ ਹਨ, ਜਿੰਨਾਂ ਨੂੰ ਉਸਨੇ ਆਪਣੇ ਨਵੇਕਲੇ ਅੰਦਾਜ਼ ਵਿਚ ਕਲਮ ਬਦ ਕਰਕੇ ਯਾਦਗਾਰੀ ਬਣਾ ਦਿੱਤਾ ਹੈ। ਇਹ ਕਹਾਣੀਆਂ ਮਿੰਨੀ ਕਹਾਣੀਆਂ ਨਾਲੋਂ ਵੱਡੀਆਂ ਹਨ ਅਤੇ ਆਮ ਕਹਾਣੀਆਂ ਨਾਲੋਂ ਛੋਟੀਆਂ, ਪਰ ਪੜ੍ਹਨ ਵਾਲੇ ਤੇ ਇਹਨਾਂ ਦਾ ਪ੍ਰਭਾਵ ਚਿਰ ਜੀਵੀ ਹੈ। ਲੇਖ ਵੀ ਸੰਖੇਪ ਹਨ। ਅਜਿਹੇ ਲੇਖਾਂ ਨੂੰ ਪ੍ਰਸਿੱਧ ਪੰਜਾਬੀ ਲੇਖਕ ਡਾ. ਕੁਲਬੀਰ ਸਿੰਘ ਕਾਂਗ ਨੇ ਕਦੇ 'ਲਲਿਤ ਨਿਬੰਧ' ਦਾ ਨਾਂ ਦਿੱਤਾ ਸੀ। ਕੁਝ ਲੇਖਕ ਅਜਿਹੇ ਲੇਖਾਂ ਨੂੰ 'ਲਘੂ ਨਿਬੰਧ' ਵੀ ਕਹਿੰਦੇ ਹਨ।

ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਕਹਾਣੀਆਂ ਦੀ ਗੱਲ ਕਰੀਏ ਤਾਂ ਜੋਬਨ ਰੁੱਤੇ ਵਿੱਛੜ ਗਿਆਂ ਦਾ ਦਰਦ, ਰਾਜੋ, ਇਹਨਾਂ ਪੰਡਾਂ ਦਾ ਕੀ ਕਰੀਏ, ਹੁਕਮਾ, 'ਦ ਬਿੱਗ ਸਟੋਰੀ ਟੈਲਰ, ਤੁਸੀਂ ਤਾਂ ਭਾਗਾਂ ਵਾਲੇ ਹੋ ਬਾਦਸ਼ਾਹੋ!, ਅੰਦਾਜ਼ ਆਪਣਾ ਆਪਣਾ..., ਡਰ-ਡਰ ਕੇ ਜੀਵਨ ਜਿਉਂਦਿਆਂ, ਪਿੰਡ ਨੂੰ ਜਾਂਦੀ ਆਖਰੀ ਬੱਸ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ, ਕੁੱਤੇ ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ ਆਦਿ ਅਸਲ ਵਿਚ ਲੇਖਕ ਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ 'ਤੇ ਅਧਾਰਿਤ ਕਹਾਣੀਆਂ ਹਨ ਅਤੇ ਜਾਂ ਇਹ ਵੀ ਹੋ ਸਕਦਾ ਹੈ ਕਿ ਡਾ. ਬਾਠ ਨੇ ਇਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਦੇ ਤੌਰ ਤੇ ਪੇਸ਼ ਕਰ ਦਿੱਤਾ ਹੋਵੇ। ਇਹਨਾਂ ਦੋਹਾਂ ਵਿਚੋਂ ਕੋਈ ਗੱਲ ਵੀ ਸਹੀ ਹੋਵੇ ਲੇਖਕ ਦੀ ਇਸ ਗੱਲੋਂ ਤਾਰੀਫ਼ ਕਰਨੀ ਬਣਦੀ ਹੈ ਕਿ ਉਸ ਵਿਚ ਇਕ ਵਧੀਆ ਕਹਾਣੀਕਾਰ ਵਰਗੀ ਕੁਦਰਤੀ ਕਲਾ ਹੈ ਅਤੇ ਮੇਰਾ ਖਿਆਲ ਹੈ ਕਿ ਜੇ ਉਹ ਕਹਾਣੀ ਰਚਨਾ ਵੱਲ ਵੀ ਕਦਮ ਪੁੱਟੇ ਤਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੀ ਵੱਡਾ ਮੁਕਾਮ ਹਾਸਲ ਕਰ ਸਕਦਾ ਹੈ।

'ਜੋਬਨ ਰੁੱਤੇ ਵਿੱਛੜ ਗਿਆਂ ਦਾ ਦਰਦ' ਇਕ ਦੁਖਾਂਤਕ ਕਹਾਣੀ ਹੈ, ਜੋ ਪਾਠਕਾਂ ਨੂੰ ਸੋਗਮਈ ਵਾਤਾਵਰਣ ਵਿਚ ਲੈ ਜਾਂਦੀ ਹੈ। ਹੁਕਮਾ 'ਦ ਬਿੱਗ ਸਟੋਰੀ ਟੈਲਰ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ ਆਦਿ ਪਾਤਰ ਪ੍ਰਧਾਨ ਕਹਾਣੀਆਂ ਹਨ, ਜਿੰਨਾਂ ਦੇ ਮੁੱਖ ਪਾਤਰ ਲੰਮੇ ਸਮੇਂ ਤੱਕ ਵੀ ਪਾਠਕਾਂ ਨੂੰ ਯਾਦ ਰਹਿਣ ਵਾਲੇ ਹਨ। 'ਪਿੰਡ ਨੂੰ ਜਾਂਦੀ ਆਖਰੀ ਬੱਸ' ਵੈਸੇ ਤਾਂ ਸੱਚੀ ਘਟਨਾ 'ਤੇ ਅਧਾਰਿਤ ਹੀ ਲੱਗਦੀ ਹੈ, ਪਰ ਜੇ ਕਾਲਪਨਿਕ ਵੀ ਹੋਵੇ ਤਾਂ ਵੀ ਡਾ. ਬਾਠ ਨੇ ਇਸ ਕਹਾਣੀ ਵਿਚ ਤਾਂਬੇ (ਕਲਪਨਾ) 'ਤੇ ਸੋਨੇ (ਯਥਾਰਥ) ਦੀ ਅਜਿਹੀ ਪਰਤ ਚੜ੍ਹਾਈ ਹੈ ਕਿ ਇਹ ਪਰਤ ਸੋਨੇ ਨੂੰ ਵੀ ਮਾਤ ਪਾਉਂਦੀ ਹੈ। ਪੰਜਾਬ ਦੀਆਂ ਪਿੰਡਾਂ ਦੀਆਂ ਮਾੜੀਆਂ ਸੜਕਾਂ, ਬੱਸ ਚਾਲਕਾਂ ਦੀ ਅੰਨੇ ਵਾਹ ਡਰਾਇਵਰੀ ਅਤੇ ਪੇਂਡੂ ਪਾਤਰਾਂ ਨੂੰ ਹੂ-ਬ-ਹੂ ਚਿੱਤਰ ਦਿੱਤਾ ਹੈ। ਬੁੱਢੀ ਦਾ ਐਨਕ ਨੂੰ 'ਸ਼ੀਸ਼ਾ' ਕਹਿਣਾ ਅਤੇ ਲੇਖਕ ਵੱਲੋਂ ਬੁੱਢੀ ਦੇ ਸ਼ੀਸ਼ੇ ਸੰਬੰਧੀ ਮਨ ਵਿਚ ਫੁਰਦੇ ਖਿਆਲ ਪਾਠਕਾਂ ਦਾ ਮਨੋਰੰਜਨ ਕਰਦੇ ਹਨ। 'ਤਾਣੇ-ਬਾਣੇ' ਵਿਚਲੇ ਬਹੁਤੇ ਲੇਖ, ਲੇਖਕ ਦੇ ਪਿੰਡ ਵਿਚ ਬਿਤਾਏ ਸਮੇਂ, ਕਾਲਜ, ਯੂਨੀਵਰਸਿਟੀ ਦੇ ਵਿਦਿਆਰਥੀ ਜੀਵਨ ਅਤੇ ਉਸਦੇ ਪਰਵਾਸ ਸਮੇਂ ਦੀਆਂ ਦਿਲਚਸਪ ਯਾਦਾਂ ਨਾਲ ਸੰਬੰਧਿਤ ਹਨ। ਕਈ ਲੇਖ ਵੀ ਕਹਾਣੀ ਰਸ ਨਾਲ ਭਰਪੂਰ ਹਨ। ਆਮ ਤੌਰ ਤੇ ਪਾਠਕ ਲੇਖਾਂ ਦੀ ਪੁਸਤਕ ਤੋਂ ਦੂਰ ਇਸ ਲਈ ਰਹਿੰਦੇ ਹਨ ਕਿ ਲੇਖਾਂ ਦੇ ਨੀਰਸ ਜਿਹੇ ਵਿਸ਼ਿਆਂ ਤੋਂ ਉਹ ਜਲਦੀ ਹੀ ਉਕਤਾ ਜਾਂਦੇ ਹਨ, ਪਰ ਡਾ. ਕੁਲਵਿੰਦਰ ਸਿੰਘ ਬਾਠ ਦੇ ਲੇਖਾਂ ਦੇ ਵਿਸ਼ੇ ਦਿਲਚਸਪ ਹਨ, ਆਮ ਲੋਕਾਂ ਦੇ ਮਸਲਿਆ ਨਾਲ ਸੰਬੰਧਿਤ ਹਨ, ਜਿਸ ਕਾਰਨ ਪਾਠਕ ਉਹਨਾਂ ਨਾਲ ਜਲਦੀ ਹੀ ਇਕ-ਮਿਕ ਹੋ ਜਾਂਦੇ ਹਨ। ਅਸਲ ਵਿਚ ਜੇ ਲੇਖਕ ਆਪਣੇ ਲੇਖ ਦੇ ਵਿਸ਼ਿਆਂ ਨੂੰ ਲੋਕ ਮਸਲਿਆ ਨਾਲ ਜਾਂ ਆਪਣੇ ਆਲੇ-ਦੁਆਲੇ ਦੇ ਮਾਹੌਲ ਨਾਲ ਜੋੜਦਾ ਹੈ, ਉਹ ਆਮ ਪਾਠਕਾਂ ਵਿਚ ਜਿਆਦਾ ਪ੍ਰਵਾਣ ਵੀ ਚੜ੍ਹਦੇ ਹਨ ਅਤੇ ਪਸੰਦ ਵੀ ਕੀਤੇ ਜਾਂਦੇ ਹਨ। 'ਤਾਣੇ-ਬਾਣੇ' ਦੇ ਕੁਝ ਲੇਖ ਹਨ: - ਜ਼ਿੰਦਗੀ ਦੇ ਸੁੰਦਰ ਅਤੇ ਯਾਦਗਾਰੀ ਪਲ (ਵਿਦਿਆਰਥੀ ਜੀਵਨ ਨਾਲ ਸੰਬੰਧਿਤ), ਗੱਲ ਐਥੇ ਈ... ਨਹੀਂ ਮੁੱਕ ਜਾਂਦੀ!, ਸ਼ਗਨਾਂ ਵਾਲਾ ਲਿਫ਼ਾਫ਼ਾ (ਵਿਦੇਸ਼ਾਂ ਵਿਚ ਇਮਾਨਦਾਰੀ ਅਤੇ ਪਰਵਾਸੀਆਂ ਵੱਲੋਂ ਆਪਣੀਆਂ ਆਦਤਾਂ ਤੋਂ ਵਿਦੇਸ਼ਾਂ ਵਿਚ ਵੀ ਬਾਜ ਨਾ ਆਉਣਾ), ਰਿਸ਼ਤਿਆਂ ਦੇ ਤਾਣੇ-ਬਾਣੇ ਦੀਆਂ ਤੰਦਾਂ (ਪੰਜਾਬੀਆਂ ਵਿਚ ਕੁਝ ਰਿਸ਼ਤੇਦਾਰੀਆਂ ਦਾ ਦਾਬਾ), ਜ਼ਰਾ ਸੰਭਲ ਕੇ ਬਈ (ਮਨੁੱਖ ਵਿਚ ਇਨਸਾਨੀਅਤ ਹੋਣੀ ਬਹੁਤ ਜ਼ਰੂਰੀ ਹੈ), ਮੇਰੇ ਪਰਵਾਸੀ ਜੀਵਨ ਦੇ ਸੰਘਰਸ਼ ਭਰੇ ਦਿਨ...(ਪਰਦੇਸ ਦਾ ਸੰਘਰਸ਼ਮਈ ਜੀਵਨ), ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ (ਪਿੰਡਾਂ ਦੀ ਬਦਲਦੀ ਨੁਹਾਰ ਅਤੇ ਪੰਜਾਬੀਆਂ ਵਿਚ ਦਿਖਾਵੇ ਦੀ ਰੁਚੀ), ਸਾਡੇ ਪਿੰਡ ਦਾ ਬੋਹੜ ਅਤੇ ਘੱਚਾ ਬੁੜਾ (ਪਿੰਡ ਵਿਚ ਬਜ਼ੁਰਗਾਂ ਦੀ ਸੱਥ ਸੰਬੰਧੀ), ਅੰਨੀ ਕੁਕੜੀ ਖਸ-ਖਸ ਦਾ ਚੋਗਾ (ਵਿਦਿਆਰਥੀ ਜੀਵਨ ਦੀਆਂ ਯਾਦਾਂ) ਆਦਿ। ਕਈ ਲੇਖਾਂ ਦੇ ਸਿਰਲੇਖ ਹੀ ਅਜਿਹੇ ਦਿਲ ਟੁੰਬਵੇਂ ਹਨ ਕਿ ਪਾਠਕ ਇਕੋ ਦਮ ਪੜ੍ਹਨ ਲਈ ਉਤਸੁਕ ਹੋ ਜਾਂਦਾ ਹੈ, ਜਿਵੇਂ: - ਕੁੱਤੇ-ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ, ਝੱਲ-ਵਲੱਲੀਆਂ ਗੱਲਾਂ, ਅੜਬ ਜਵਾਈ ਜਿਹੇ ਜੰਗਾਲ ਖਾਧੇ ਜਿੰਦਰੇ, ਬੱਸ ਉਂਗਲੀ ਈ ਲੱਗ ਗਈ ਐਵੇਂ ਆਦਿ।

ਲੇਖਾਂ ਵਿਚ ਲੇਖ ਦੇ ਵਿਸ਼ੇ ਦੇ ਨਾਲ-ਨਾਲ ਲੇਖਕ ਦੀ ਗੱਲ ਕਰਨ ਦੀ ਕਲਾ ਭਾਵ ਉਸਦੀ ਸ਼ੈਲੀ ਦਾ ਵੀ ਬਹੁਤ ਮਹੱਤਵ ਹੁੰਦਾ ਹੈ। ਚੰਗੀ ਸ਼ੈਲੀ ਘੱਟ ਮਹੱਤਵਪੂਰਨ ਵਿਸ਼ੇ ਨੂੰ ਵੀ ਰੋਚਕ ਬਣਾ ਦਿੰਦੀ ਹੈ, ਪਰ ਇਸਦੇ ਉਲਟ ਵਧੀਆ ਵਿਸ਼ੇ ਵਾਲਾ ਲੇਖ ਵੀ ਮਾੜੀ ਸ਼ੈਲੀ ਕਰ ਕੇ ਪੜ੍ਹਨਯੋਗ ਨਹੀਂ ਰਹਿੰਦਾ। ਮੈਂ ਪਾਠਕਾਂ ਨਾਲ ਡਾ. ਕੁਲਵਿੰਦਰ ਸਿੰਘ ਬਾਠ ਦੀਆਂ ਵਧੀਆ ਵਾਰਤਕ ਸ਼ੈਲੀ ਦੀਆਂ ਕੁਝ ਉਦਾਹਰਨਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ: ਸੱਚ ਤਾਂ ਇਹ ਹੈ ਕਿ 'ਜੀਭ ਅਤੇ ਉਂਗਲੀ' ਸਰੀਰ ਦੇ ਦੋ ਐਸੇ ਅੰਗ ਹਨ ਜੋ ਅਕਸਰ ਫਿਸਲਦੇ ਅਤੇ ਲੱਗਦੇ-ਲੁੱਗਦੇ ਈ ਰਹਿੰਦੇ ਆ ਜਾਂ ਫਿਰ ਫਿਸਲਣ/ਲੱਗਣ ਨੂੰ ਕਾਹਲੇ ਹੀ ਰਹਿੰਦੇ ਹਨ (ਬੱਸ ਉਂਗਲੀ ਈ ਲੱਗ ਗਈ ਐਵੇਂ); ਸਵਾਸ, ਆਸ, ਵਿਸ਼ਵਾਸ ਅਤੇ ਅਰਦਾਸ ਦਿਖਦੇ ਤਾਂ ਨਹੀਂ, ਪਰ ਜ਼ਿੰਦਗੀ ਨੂੰ ਨਰੋਏ ਅਤੇ ਚਲਦੇ ਰੱਖਣ ਵਿਚ ਬੜੇ ਸਹਾਈ ਹੁੰਦੇ ਹਨ (ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ); ਉਹਨੂੰ ਭੌਂਕਦੇ ਸੁਣ ਕੇ ਗੁਆਂਢੀਆਂ ਦੇ ਕੁੱਤਿਆਂ ਨੇ ਵੀ ਖੌਰੂ ਪਾ ਦਿੱਤਾ। ਰਲ-ਮਿਲ ਕੇ ਮਾਹੌਲ ਇੰਜ ਬਣ ਗਿਆ ਜਿਵੇਂ 'ਸਿਆਲੂ ਰੁੱਤ ਦੀਆਂ ਧੁੱਪਾਂ ਵਿਚ ਪਿੰਡ ਦੀਆਂ ਹਰੀਆਂ ਕਣਕਾਂ ਅਤੇ ਕਮਾਦਾਂ ਵਿਚੋਂ ਸਹੇ, ਤਿੱਤਰ ਜਾਂ ਬਟੇਰੇ ਫੜਨ ਲਈ ਸ਼ਿਕਾਰੀ ਆਪਣੇ ਕੁੱਤਿਆਂ ਦਾ ਝੁੰਡ ਲੈ ਕੇ ਜਾਇਆ ਕਰਦੇ ਸਨ (ਆਪਣਿਆਂ ਦਾ ਤਾਣਾ-ਬਾਣਾ); ਪਕੌੜੇ ਨੂੰ ਢਿੱਡ ਵਿਚ ਸੁੱਟਦਿਆਂ ਹੀ ਫਿਰ ਦੋਹਾਂ ਹੱਥਾਂ ਨਾਲ ਆਪਣੀਆਂ ਮੁੱਛਾਂ ਨੂੰ ਖੱਬਿਉਂ ਅਤੇ ਸੱਜਿਉਂ ਖਿੱਚ ਕੇ ਇੱਕੋ ਜਿਹਾ ਕਰ ਕੇ ਉਹਨਾਂ ਨੇ ਆਪਣੀ ਲੰਬੀ ਅਤੇ ਸਫੇਦ ਮਖ਼ਮਲੀ ਦਾਹੜੀ ਨੂੰ ਹੇਠਾਂ ਢਿੱਡ ਵੱਲ ਨੂੰ ਖਿੱਚ ਕੇ ਉਹਦੇ ਵਲ ਕੱਢੇ। ਚਾਹ ਦਾ ਕੱਪ ਚੁੱਕ ਕੇ ਇਕ ਲੰਮਾ ਅਤੇ ਫੁਰਰ-ਫੁਰਰ ਕਰਦਾ ਘੁੱਟ ਭਰਿਆ (ਮੇਰੇ ਪੇਂਡੂ ਦੇ ਸਹੁਰਾ ਸਾਹਿਬ) ਆਦਿ।

ਕੁਲਵਿੰਦਰ ਦੀ ਵਾਰਤਕ ਕਲਾ ਦੀ ਇਕ ਹੋਰ ਖੂਬੀ ਹੈ ਕਿ ਉਹ ਆਪਣੇ ਸ਼ਬਦਾਂ ਨਾਲ ਗੂੜ੍ਹਾ ਹਾਸ-ਰਸ ਪੈਦਾ ਕਰ ਦਿੰਦਾ ਹੈ। ਇਸ ਪੱਖੋਂ ਉਸਦਾ ਇਹ ਵਰਣਨ ਦੇਖਣ ਵਾਲਾ ਹੈ, "ਦੇਖਦੇ ਹੀ ਦੇਖਦੇ ਫੁੱਫੜ ਨੇ ਪਰੌਂਠੇ ਅਤੇ ਭੁਰਜੀ ਬੰਨੇ ਲਾ ਦਿੱਤੀ ਅਤੇ ਫੁਰਰ-ਫੁਰਰ ਕਰ ਕੇ ਲੱਤ ਜਿੱਡਾ ਲੱਸੀ ਦਾ ਗਲਾਸ ਵੀ ਇੱਕੋ ਸਾਹੇ ਚਾੜ੍ਹ ਲਿਆ। ਫੇਰ ਲੰਬਾ ਸਾਰਾ ਅਤੇ 'ਗਿੱਲਾ ਡਕਾਰ' ਮਾਰ ਕੇ ਕੜਾਹ ਵਾਲੇ ਛੰਨੇ ਤੇ ਟੁੱਟ ਕੇ ਪੈ ਗਿਆ... ਅਤੇ 'ਕੜਾਹ ਸਵੀਟ ਡਿਸ਼' ਵੀ ਬੰਨੇ ਲਾ ਦਿੱਤੀ। ਉਸਨੇ ਚਮਚਾ ਥਾਲ ਵਿਚ ਰੱਖ ਕੇ ਉਂਗਲੀ ਨਾਲ ਕੜਾਹ ਵਾਲੇ ਛੰਨੇ ਨੂੰ ਮਾਂਜਣ ਵਾਂਗ ਚਮਕਾ ਦਿੱਤਾ। ਰਸੋਈ ਵਿਚ ਕੱਲ੍ਹ ਦੀ ਬੇਹੀ 'ਮਸਰਾਂ ਦੀ ਦਾਲ' ਨਾਲ ਰੋਟੀ 'ਅੰਦਰ ਸੁੱਟ' ਜਦ ਹਰਦੇਵ, ਫੁੱਫੜ ਨੂੰ ਚਾਹ ਫੜਾਉਣ ਗਿਆ ਤਾਂ... ਫੁੱਫੜ ਬਰਸਾਤੀ ਡੱਡੂ ਅਤੇ ਸੂਰਾਂ ਦੇ ਖੌਰੂ ਪਾਉਣ ਵਾਂਗ ਬਦਲ-ਬਦਲ ਕੇ ਘੁਰਾੜੇ ਮਾਰ ਰਿਹਾ ਸੀ, ਦੇਸੀ ਆਂਡਿਆਂ ਦੀ ਭੁਰਜੀ ਅਤੇ ਦੇਸੀ ਘਿਓ ਦੇ ਕੜਾਹ ਦੀ ਦੇਗ ਦੀ ਘੂਕੀ ਨੇ ... ਅੱਜ ਅੜਬ ਫੁੱਫੜ ਢਾਹ ਲਿਆ ਸੀ।" (ਰਿਸ਼ਤਿਆਂ ਦੇ ਤਾਣੇ ਬਾਣੇ ਦੀਆਂ ਤੰਦਾਂ)। ਲੇਖਕ ਦੀ ਵਿਅੰਗਕਲਾ ਵੀ ਦੇਖਣ ਵਾਲੀ ਹੈ--"ਹਰ ਰੋਜ਼ ਅਰਦਾਸ ਕਰਦੇ ਹਾਂ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾਉਣਾ। ਇਹ ਬਚਾਉਣ ਦੀ ਜ਼ੁਮੇਵਾਰੀ ਵੀ ਅਕਾਲ ਪੁਰਖ ਦੀ ਹੈ, ਸਾਡੀ ਥੋੜ੍ਹੀ ਆ। ਜ਼ੁਮੇਵਾਰੀ ਗੁਰੂ ਨੂੰ ਦੇ ਕੇ ਆਪ ਸੁਰਖ਼ਰੂ ਹੋ ਜਾਣ ਨਾਵੋਂ ਵੱਧੀਆ ਕੀ ਹੱਲ ਹੋ ਸਕਦਾ? (ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ)। 'ਇਹ ਦੋ ਨੈਣ' ਲੇਖ ਵਿਚ ਫ਼ਰੀਦ ਜੀ ਦੇ ਸਲੋਕ, "ਕਾਗਾ ਕਰੰਗ ਢੰਢੋਲਿਆ... ਦੀ ਵਿਆਖਿਆ ਬਹੁਤ ਵਧੀਆ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਗੁਰਬਾਣੀ 'ਤੇ ਵੀ ਪਕੜ ਹੈ।


ਪ੍ਰਸਤੁਤ ਪੁਸਤਕ ਭਾਵੇਂ ਵਾਰਤਕ ਦੀ ਹੈ, ਪਰ ਵਾਰਤਕ ਵਿਚੋਂ ਝਲਕਦੀ ਕਾਵਿਕਤਾ ਵੀ ਸਲਾਹੁਣਯੋਗ ਅਤੇ ਮਾਣਨਯੋਗ ਹੈ। ਜਿਵੇਂ: -


ਸਿਰਫ ਕੰਧ-ਟੰਗੀ, ਹਾਰ ਪਾਈ ਮੂਰਤ ਨਹੀਂ ਹਾਂ ਮੈਂ/ ਨਾ ਹੀ ਕਦੇ ਕੈਦ ਕਰਨਾ ਮੈਨੂੰ ਇਹਨਾਂ ਧੂੜਾਂ-ਲੱਦੇ ਹਾਰਾਂ 'ਚ/ ਬਸ ਚੇਤਿਆਂ ਬਰਕਰਾਰ ਰੱਖਣਾ, ਉਦੋਂ ਤੱਕ/ ਜਦ ਤੱਕ ... ਨਹੀਂ ਮਿਲਦੇ ... ਆਪਾਂ ਦੋਬਾਰਾ...। (ਪੰਨਾ 49)


'ਸ਼ਗਨਾਂ ਵਾਲਾ ਲਿਫ਼ਾਫ਼ਾ' ਲੇਖ ਦੇ ਅੰਤ ਵਿਚ ਦਿੱਤੀਆਂ ਸਤਰਾਂ ਵਿਚ ਛੁਪੀ ਕਾਵਿਕਤਾ ਵੀ ਬਾ-ਕਮਾਲ ਹੈ: - ਕੱਲ੍ਹ/ ਝੱਖੜ ਐਸੇ ਝੁੱਲ ਗਏ/ ਕੋਈ ਦਿਸਦਾ ਨਹੀਂ ਸੀ ਰਾਹ/ ਅੱਜ / ਉੱਠ ਸਵੇਰੇ ਦੇਖਿਆ/ ਪਈ ਵਗੇ ਪਿਆਰ ਦੀ ਵਾਅ।

ਆਪਣੇ ਇਹਨਾਂ ਦਰਵਾਜ਼ਿਆਂ ਨੂੰ/ ਹੱਥੀਂ ਲਾਏ ਜਿੰਦਰੇ ਖੋਲਣ ਲਈ/ ਬੂਹਿਆਂ ਦੀ 'ਸਰਦਲ' ਛੋਹਣ ਲਈ/ ਉਮਰ ਭਰ ਤਰਸਦੇ ਹੀ ਰਹਿ ਗਏ। ਪੰਨਾ (176)

ਐਵਿਸ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ 232 ਪੰਨਿਆ ਦੀ ਇਸ ਪੁਸਤਕ ਦੀ ਛਪਾਈ ਅਤੇ ਦਿੱਖ ਪ੍ਰਭਾਵਸ਼ਾਲੀ ਹੈ। ਪਾਠਕਾਂ ਦੀ ਸਾਹਿਤਕ ਭੁੱਖ ਨੂੰ ਤ੍ਰਿਪਤ ਕਰਦੀਆਂ ਅਜਿਹੀਆਂ ਸਾਹਿਤਕ ਪੁਸਤਕਾਂ ਨੂੰ ਭਰਵਾਂ ਹੁਲਾਰਾ ਮਿਲਣਾ ਚਾਹੀਦਾ ਹੈ।




**ਰਵਿੰਦਰ ਸਿੰਘ ਸੋਢੀ**
**001-604-369-2371**
**ਕੈਲਗਰੀ, ਕੈਨੇਡਾ**

# ਲੋਕ ਸਭਾ ਦੇ ਵਰਖਾ ਰੁੱਤ ਇਜ਼ਲਾਸ 2025 ਦੀ ਕਾਰਗੁਜ਼ਾਰੀ

(ਜੋੜਨ ਲਈ ਪਿਛਲਾ ਅੰਕ ਦੇਖੋ ਜੀ)

ਸੰਯੁਕਤ ਕਮੇਟੀ ਦੇ ਕੁੱਲ ਮੈਂਬਰਾਂ ਦੀ ਗਿਣਤੀ ਦਾ ਇੱਕ ਤਿਹਾਈ ਹੋਣਾ ਚਾਹੀਦਾ ਹੈ; ਕਿ ਕਮੇਟੀ ਅਗਲੇ ਇਜ਼ਲਾਸ ਦੇ ਪਹਿਲੇ ਹਫ਼ਤੇ ਦੇ ਆਖਰੀ ਦਿਨ ਤੱਕ ਇਸ ਸਦਨ ਨੂੰ ਇੱਕ ਰਿਪੋਰਟ ਦੇਵੇਗੀ; ਕਿ ਦੂਜੇ ਸੰਬੰਧ ਵਿੱਚ, ਸੰਸਦੀ ਕਮੇਟੀਆਂ ਨਾਲ ਸਬੰਧਤ ਇਸ ਸਦਨ ਦੇ ਕਾਰੋਬਾਰ ਦੇ ਕਾਰਜ ਪ੍ਰਣਾਲੀ ਅਤੇ ਆਚਰਣ ਦੇ ਨਿਯਮ ਅਜਿਹੇ ਭਿੰਨਤਾਵਾਂ ਅਤੇ ਤਰਮੀਮਾਂ ਨਾਲ ਲਾਗੂ ਹੋਣਗੇ ਜੋ ਸਪੀਕਰ ਕਰ ਸਕਦਾ ਹੈ; ਅਤੇ ਕਿ ਇਹ ਸਦਨ ਰਾਜ ਸਭਾ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਸਭਾ ਉਕਤ ਸਾਂਝੀ ਕਮੇਟੀ ਵਿੱਚ ਸ਼ਾਮਲ ਹੋਵੇ ਅਤੇ ਇਸ ਸਦਨ ਨੂੰ ਰਾਜ ਸਭਾ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਮੈਂਬਰਾਂ ਦੇ ਨਾਮ ਸੰਯੁਕਤ ਕਮੇਟੀ ਨੂੰ ਭੇਜੇ ਜਾਣ। (ਮਤਾ ਅਪਣਾਇਆ ਗਿਆ।)

# ਕੇਂਦਰੀ ਸਲਾਹਕਾਰ ਰਾਸ਼ਟਰੀ ਕੈਡੇਟ ਕੋਰ ਲਈ ਕਮੇਟੀ ਦੇ ਦੋ ਮੈਂਬਰਾਂ ਦੀ ਚੋਣ ਲਈ ਤਜ਼ਵੀਜ:- (ਮਤਾ ਅਪਣਾਇਆ ਗਿਆ।)

# ਕਸਟਮ ਟੈਰਿਫ ਐਕਟ, 1975 ਦੀ ਦੂਜੀ ਅਨੁਸੂਚੀ ਵਿੱਚ ਤਰਮੀਮ ਕਰਨ ਲਈ ਵਿਧਾਨਕ ਮਤਾ - ਅਪਣਾਇਆ ਗਿਆ।

##ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਪ੍ਰਤੀ ਭਾਰਤ ਦੇ ਮਜ਼ਬੂਤ, ਸਫਲ ਅਤੇ ਫੈਸਲਾਕੁੰਨ ਜਵਾਬ 'ਤੇ ਵਿਸ਼ੇਸ਼ ਚਰਚਾ। ਇਸ ਚਰਚਾ ਲਈ 16 ਘੰਟੇ ਦਾ ਸਮਾਂ ਨਿਸਚਿਤ ਕੀਤਾ ਗਿਆ ਸੀ ਪਰ ਇਹ ਚਰਚਾ 18 ਘੰਟੇ 41 ਮਿੰਟ ਚਲੀ। ਇਸ ਚਰਚਾ ਵਿੱਚ ਮੰਤਰੀਆਂ ਅਤੇ ਵਿਰੋਧੀ ਧਿਰ ਦੇ ਨੇਤਾ ਸਮੇਤ 73 ਮੈਂਬਰਾਂ ਨੇ ਭਾਗ ਲਿਆ, ਪ੍ਰਧਾਨ ਮੰਤਰੀ ਨੇ ਬਾਦ ਵਿੱਚ ਜਵਾਬ ਦਿੱਤਾ।

#ਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਭਾਰਤ ਦੇ ਪਹਿਲੇ ਪੁਲਾੜ ਯਾਤਰੀ - '2047 ਤੱਕ ਵਿਕਸਤ ਭਾਰਤ' ਲਈ ਪੁਲਾੜ ਪ੍ਰੋਗਰਾਮ ਦੀ ਮਹੱਤਵਪੂਰਨ ਭੂਮਿਕਾ 'ਤੇ ਵਿਸ਼ੇਸ਼ ਚਰਚਾ ਹੋਈ।

## ਰਾਜ ਸਭਾ ਤੋਂ ਪ੍ਰਾਪਤ ਹੇਠ ਲਿਖੇ ਸੁਨੇਹੇ ਸਕੱਤਰ ਜਨਰਲ ਦੁਆਰਾ ਲੋਕ ਸਭਾ ਵਿੱਚ ਪੇਸ਼ ਕੀਤੇ/ਸਭਾ ਪਟਲ ਤੇ ਰੱਖੇ ਗਏ:-

#'ਬਿੱਲ ਆਫ਼ ਲੇਡਿੰਗ ਬਿੱਲ, 2025' ਨੂੰ ਰਾਜ ਸਭਾ ਨੇ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਦੇ ਦਿੱਤੀ।

# ਰਾਸ਼ਟਰਪਤੀ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ, ਹੇਠ ਲਿਖੇ 10 ਬਿੱਲ ਟੇਬਲ ਤੇ ਰੱਖੇ:- 1) ਨਿਯੋਜਨ ਬਿੱਲ, 2025; 2) ਨਿਯੋਜਨ (ਨੰਬਰ 2) ਬਿੱਲ, 2025; 3) ਮਣੀਪੁਰ ਨਿਯੋਜਨ ਬਿੱਲ, 2025; 4) ਮਣੀਪੁਰ ਨਿਯੋਜਨ (ਵੋਟ ਆਨ ਅਕਾਊਂਟ) ਬਿੱਲ, 2025; 5) ਵਿੱਤ ਬਿੱਲ, 2025; 6) ਨਿਯੋਜਨ (ਨੰ.3) ਬਿੱਲ, 2025; 7) ਰੇਲਵੇ (ਤਰਮੀਮ) ਬਿੱਲ, 2025; 8) ਆਫ਼ਤ ਪ੍ਰਬੰਧਨ (ਤਰਮੀਮ) ਬਿੱਲ, 2025; 9) ਬੈਂਕਿੰਗ ਕਾਨੂੰਨ (ਤਰਮੀਮ) ਬਿੱਲ, 2025; ਅਤੇ 10) ਏਅਰਕ੍ਰਾਫਟ ਵਸਤੂਆਂ ਵਿੱਚ ਹਿੱਤਾਂ ਦੀ ਸੁਰੱਖਿਆ ਬਿੱਲ, 2025।

# ਰਾਸ਼ਟਰਪਤੀ ਦੁਆਰਾ ਪ੍ਰਵਾਨ ਕੀਤੇ ਗਏ ਹੇਠ ਲਿਖੇ 6 ਬਿੱਲਾਂ ਦੀਆਂ ਸਕੱਤਰ-ਜਨਰਲ ਰਾਜ ਸਭਾ ਦੁਆਰਾ ਪ੍ਰਮਾਣਿਤ ਕਾਪੀਆਂ ਟੇਬਲ 'ਤੇ ਰੱਖੀਆਂ, 1) ਤੇਲ ਖੇਤਰ (ਨਿਯਮ ਅਤੇ ਵਿਕਾਸ) ਤਰਮੀਮ ਬਿੱਲ, 2025; 2) "ਤ੍ਰਿਭੁਵਨ" ਸਹਿਕਾਰੀ ਯੂਨੀਵਰਸਿਟੀ ਬਿੱਲ, 2025;
3) ਬਾਇਲਰ ਬਿੱਲ, 2025;
4) ਇਮੀਗ੍ਰੇਸ਼ਨ ਅਤੇ ਵਿਦੇਸ਼ੀ ਬਿੱਲ, 2025;
5) ਵਕਫ਼ (ਤਰਮੀਮ) ਬਿੱਲ, 2025; ਅਤੇ
6) ਮੁਸਲਮਾਨ ਵਕਫ਼ (ਰਿਪੀਲ) ਬਿੱਲ, 2025।

# ਸਮੁੰਦਰ ਦੁਆਰਾ ਮਾਲ ਢੋਣ

## ਭਾਗ-2

ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਦਿੱਤੀ ਗਈ।

# ਤੱਟਵਰਤੀ ਸ਼ਿਪਿੰਗ ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਦਿੱਤੀ ਗਈ।

# ਮਨੀਪੁਰ ਵਿਨਿਯੋਜਨ (ਨੰਬਰ 2) ਬਿੱਲ, 2025 ਅਤੇ ਮਨੀਪੁਰ ਵਸਤੂਆਂ ਅਤੇ ਸੇਵਾਵਾਂ ਟੈਕਸ (ਤਰਮੀਮ) ਬਿੱਲ, 2025 ਦੇ ਸੰਬੰਧ ਵਿੱਚ ਰਾਜ ਸਭਾ ਕੋਲ, ਲੋਕ ਸਭਾ ਨੂੰ ਕਰਨ ਲਈ ਕੋਈ ਸਿਫਾਰਸ਼ਾਂ ਨਹੀਂ ਹਨ।

# ਰਾਜ ਸਭਾ ਨੇ ਲੋਕ ਸਭਾ ਦੀ



ਲੇਖਕ: ਜਸਵੰਤ ਸਿੰਘ
9996650048
jaswantbhaita1961
@gmial.com

ਸਿਫ਼ਾਰਸ਼ 'ਤੇ ਸਹਿਮਤੀ ਜਤਾਈ ਕਿ ਸੰਵਿਧਾਨ (ਇੱਕ ਸੌ ਉਨੱਤੀਵੀਂ ਤਰਮੀਮ) ਬਿੱਲ, 2024 ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਕਾਨੂੰਨ (ਤਰਮੀਮ) ਬਿੱਲ, 2024 'ਤੇ ਸੰਯੁਕਤ ਕਮੇਟੀ ਲਈ ਇੱਕ ਮੈਂਬਰ ਨਿਯੁਕਤ ਕੀਤਾ ਜਾਵੇ।

# ਮਰਚੈਂਟ ਸ਼ਿਪਿੰਗ ਬਿੱਲ, 2025 ਨੂੰ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਜਤਾਈ।

# ਗੋਆ ਰਾਜ ਦੇ ਵਿਧਾਨ ਸਭਾ ਹਲਕਿਆਂ ਵਿੱਚ ਪਟੀ ਦਰਜ ਕਬੀਲਿਆਂ (ਅਨੁਸੂਚਿਤ ਜਨਜਾਤੀਆਂ) ਦੇ ਪ੍ਰਤੀਨਿਧਤਾ ਦੇ ਪੁਨਰਗਠਨ ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਦਿੱਤੀ।

# ਰਾਸ਼ਟਰੀ ਖੇਡਾਂ ਸ਼ਾਸਨ ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤ ਹੋ ਗਈ।

# ਰਾਸ਼ਟਰੀ ਡੋਪਿੰਗ ਵਿਰੋਧੀ ਤਰਮੀਮ
(ਤਰਮੀਮ) ਬਿੱਲ, 2025 ਵਿੱਚ ਬਿਨਾਂ ਕਿਸੇ ਸੋਧ ਦੇ ਸਹਿਮਤ ਹੋ ਗਈ।

# ਆਮਦਨ-ਕਰ ਬਿੱਲ, 2025 ਵਿੱਚ ਲੋਕ ਸਭਾ ਨੂੰ ਕਰਨ ਲਈ ਕੋਈ ਸਿਫ਼ਾਰਸ਼ਾਂ ਨਹੀਂ ਸਨ ।

ਿ(ਵ) ਟੈਕਸ ਕਾਨੂੰਨ (ਤਰਮੀਮ) ਬਿੱਲ, 2025 ਵਿੱਚ ਲੋਕ ਸਭਾ ਨੂੰ ਕਰਨ ਲਈ ਕੋਈ ਸਿਫ਼ਾਰਸ਼ਾਂ ਨਹੀਂ ਸਨ ।

# ਭਾਰਤੀ ਬੰਦਰਗਾਹ ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤੀ ਦਿੱਤੀ।

# ਹੋਰ ਪਛੜੇ ਵਰਗਾਂ ਦੀ ਭਲਾਈ ਲਈ ਦੋਵਾਂ ਸਦਨਾਂ ਦੀ ਕਮੇਟੀ ਵਿੱਚ ਸ਼ਾਮਲ ਹੋਣ ਲਈ ਇੱਕ ਮਤਾ ਅਪਣਾਇਆ ਅਤੇ ਰਾਜ ਸਭਾ ਦੇ ਹੇਠ ਲਿਖੇ ਦਸ ਮੈਂਬਰਾਂ ਦੇ ਨਾਮ ਵੀ ਦੱਸੇ ਜੋ ਉਕਤ ਕਮੇਟੀ ਲਈ ਚੁਣੇ ਗਏ ਹਨ:- 1. ਸ਼੍ਰੀ ਮਸਤਾਨ ਰਾਓ ਯਾਦਵ ਬੀਢਾ 2. ਸ਼੍ਰੀ ਰਾਜੇਂਦਰ ਗਹਿਲੋਤ 3. ਸ਼੍ਰੀ ਸੁਭਾਸ਼ੀਸ਼ ਖੁੰਟੀਆ 4. ਸ਼੍ਰੀ ਮਯੰਕ ਕੁਮਾਰ ਨਾਇਕ 5. ਸ਼੍ਰੀ ਕੇ. ਆਰ. ਐਨ. ਰਾਜੇਸ਼ ਕੁਮਾਰ 6. ਡਾ: ਕਲਪਨਾ ਸੈਣੀ 7. ਸ਼੍ਰੀ ਸੀ ਵੇ ਸ਼ਨਮੁਗਮ 8. ਸ਼੍ਰੀ ਅਸ਼ੋਕ ਸਿੰਘ 9. ਡਾ: ਭੀਮ ਸਿੰਘ 10. ਡਾ. ਵੀ. ਸ਼ਿਵਦਾਸਨ

# ਖਾਣਾਂ ਅਤੇ ਖਣਿਜ (ਵਿਕਾਸ ਅਤੇ ਨਿਯਮ) ਤਰਮੀਮ ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤ ਹੋ ਗਈ।

# ਭਾਰਤੀ ਸੰਸਥਾਨ ਪ੍ਰਬੰਧਨ (ਤਰਮੀਮ) ਬਿੱਲ, 2025 ਵਿੱਚ ਬਿਨਾਂ ਕਿਸੇ ਤਰਮੀਮ ਦੇ ਸਹਿਮਤ ਹੋ ਗਈ

#ਗੈਰਹਾਜ਼ਰੀ ਬਾਰੇ ਕਮੇਟੀ ਦੇ ਮਿੰਟ ਰੱਖੇ ਗਏ ਅਤੇ 1. ਸ਼੍ਰੀ ਸ਼ਾਹੂ ਸ਼ਾਹਜੀ ਛਤਰਪਤੀ, 2. ਸ਼੍ਰੀ ਛ. ਉਦਯਨ ਰਾਜੇ ਭੌਂਸਲੇ, 3. ਸ਼੍ਰੀ ਸੁਦੀਪ ਬੰਦੋਪਾਧਿਆਏ, 4. ਸ਼੍ਰੀ ਅੰਮ੍ਰਿਤਪਾਲ ਸਿੰਘ, 5. ਸ਼੍ਰੀ ਅਜੈ ਕੁਮਾਰ ਮੰਡਲ, 6. ਸ਼੍ਰੀ ਪੀ.ਵੀ. ਮਿਧਨ ਰੈਡੀ, ਛੇ ਮੈਂਬਰਾਂ ਨੂੰ ਗੈਰਹਾਜ਼ਰੀ ਦੀ ਛੁਟੀ ਦਿੱਤੀ ਗਈਆਂ।

# ਇਸ ਇਜ਼ਲਾਸ ਵਿੱਚ 31 ਵਾਰ ਮੰਤਰੀਆਂ ਨੇ ਬਿਆਨ ਦਿੱਤੇ/ਸਦਨ ਵਿੱਚ ਰੱਖੇ।

# ਪੂਰੇ ਇਜ਼ਲਾਸ ਵਿੱਚ 39 ਵਾਰ ਦਿਨ ਦੇ ਵਿੱਚਕਾਰ ਸਦਨ ਮੁਲਤਵੀ ਹੋਇਆ ਅਤੇ 18 ਵਾਰ ਸ਼ਾਮ ਨੂੰ ਸਮੇਂ ਤੋਂ ਪਹਿਲਾਂ ਅਗਲੇ ਕੰਮ ਦੇ ਦਿਨ ਲਈ ਮੁਲਤਵੀ ਹੋਇਆ।

#ਇਸ ਇਜ਼ਲਾਸ ਵਿੱਚ 120 ਘੰਟੇ ਚਰਚਾ ਕਰਨ ਦੀ ਸਹਿਮਤੀ ਬਣੀ ਸੀ, ਪਰ ਲਗਾਤਾਰ ਰੁਕਾਵਟਾਂ ਅਤੇ ਯੋਜਨਾਬੱਧ ਵਿਘਨ ਦੇ ਕਾਰਨ, ਸਿਰਫ 37 ਘੰਟੇ ਚਰਚਾ ਹੋ ਸਕੀ।

# ਇਸ ਇਜ਼ਲਾਸ ਵਿੱਚ ਸਿਫ਼ਰ ਕਾਲ ਕੇਵਲ ਨਾਮ ਮਾਤ੍ਰ ਹੀ ਚੱਲਿਆ।ਯ੍ਰ


##ਸਪੀਕਰ ਦੁਆਰਾ ਵਿਦਾਇਗੀ ਤੇ ਸਦਨ ਨੂੰ ਸੰਬੋਧਿਤ ਕੀਤਾ ਗਿਆ:- ਸਪੀਕਰ ਨੇ ਮਾਣਯੋਗ ਪ੍ਰਧਾਨ ਮੰਤਰੀ, ਸਪੀਕਰ ਦੀ ਮੇਜ਼ 'ਤੇ ਆਪਣੇ ਸਹਿਯੋਗੀਆਂ, ਕੇਂਦਰੀ ਕੈਬਨਿਟ ਵਿੱਚ ਸਤਿਕਾਰਯੋਗ ਸਹਿਯੋਗੀਆਂ, ਵਿਰੋਧੀ ਧਿਰ ਦੇ ਨੇਤਾ, ਸਾਰੀਆਂ ਪਾਰਟੀਆਂ ਦੇ ਸਤਿਕਾਰਯੋਗ ਮੈਂਬਰਾਂ, ਮੀਡੀਆ ਪ੍ਰਤੀਨਿਧੀਆਂ, ਲੋਕ ਸਭਾ ਸਕੱਤਰੇਤ ਅਤੇ ਸਹਿਯੋਗੀ ਏਜੰਸੀਆਂ ਦਾ ਇਸ ਇਜ਼ਲਾਸ ਦੀ ਕਾਰਵਾਈ ਵਿੱਚ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਰਾਸ਼ਟਰੀ ਗੀਤ ਗਾਇਆ ਗਿਆ।

ਰਾਸ਼ਟਰੀ ਗੀਤ ਦੀ ਧੁਨ ਵਜਾਈ ਗਈ। (ਫਿਰ, ਲੋਕ ਸਭਾ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।)

ਜੈ ਹਿੰਦ

(ਸਮਾਪਤ)


Namo Buddhaye
DHAMMA WAVES
Jai Bheem
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com
Dhammawaves
E-mail : dhammawaves.info@gmail.com
Venerable Bhikkhu Bodhipalo Mahathero
Dhamma Desna By : Venerable Bhikkhu Bodhipalo Mahathero
Topic: "In Buddh Dhamm why chetna but not soul"
विषय: विषय: बुद्ध धम्म में चेतना हे , आत्मा क्यों नहीं?
विषय: भाईचारे का पैग़ाम और डा: अम्बेडकर
Message of brotherhood and Dr. Ambedkar
Sunday
Nov.2nd,25
at 8 Pm
Indian Time
Live on
Facebook
Guest Speaker: Mr. Mangat Ram Pasla
General Secretary
Revolutionary Marxist Party of India (RMPI)

# ਕੰਗਨਾ ਨੇ ਵੱਡਿਆਂ ਨਾਲ ਯਾਰੀ ਗੰਢੀ ਦਾ ਸੁਆਦ ਚੱਖਿਆ

ਕਿਤੇ ਹਾਥੀ ਗਰਮੀਆਂ ਦੀ ਰੁੱਤੇ ਬੋਹੜ ਦੀ ਛਾਵੇਂ ਸੁੱਤਾ ਹੋਇਆ ਤੇ ਇਕ ਛੋਟਾ ਜਿਹਾ ਚੂਹਾ ਉਹਦੇ ਤੇ ਟਪੂਸੀਆਂ ਮਾਰਦਾ ਮਾਰਦਾ ਉਤਾਂਹ ਹੋਈ ਪੂਛ ਹੇਠਾਂ ਖੁਲ੍ਹੇ ਹੋਏ ਚਿੱਤੜਾਂ 'ਚ ਜਾ ਵੜਿਆ।ਏਨੇ ਚਿਰ ਨੂੰ ਉਹਦੇ ਸਾਥੀ ਚੂਹਿਆਂ ਦੀ ਵਾਹਰ ਓਥੋਂ ਦੀ ਲੰਘੀ ਤੇ ਚਿੱਤੜਾਂ 'ਚ ਵੜੇ ਮੂੰਹ ਬਾਹਰ ਨੂੰ ਕੱਢੀ ਨਜ਼ਾਰਾ ਲੈ ਰਹੇ ਚੂਹੇ ਨੂੰ ਪੁੱਛਿਆ,"ਓ ਕੀ ਹਾਲ ਏ ਬੇਲੀਆ?ਕਿਵੇਂ ਚੁਬਾਰੇ ਚੜ੍ਹਿਆ ਬੈਠੈਂ?"ਉਹ ਅੱਗੋਂ ਆਹਦਾ-"ਓਏਹੋਏ...ਹੋਏ...ਹੋਏ ਏਥੇ ਤਾਂ ਨਜ਼ਾਰਾ ਈ ਬਹੁਤ ਹੈ,ਐਵੇਂ ਸਾਰੀ ਉਮਰ ਕੀੜਿਆਂ ਬਿਛੂਆਂ ਨਾਲ ਜ਼ਿੰਦੜੀ ਬਿਤਾ ਛੱਡੀ,ਆਹ ਥੋਡੀ ਕੋਈ ਜ਼ਿੰਦਗੀ ਏ? ਨਿਰਾ ਨਰਕ! ਜਿਉਣ ਦਾ ਸੁਆਦ ਤਾਂ ਹੁਣ ਆਇਐ।

ਇਕ ਬੁੜੇ ਚੂਹੇ ਨੇ 'ਜੀਂਦਾ ਰੈਹ ਜੀਂਦਾ ਰੈਹ' ਕਹਿ ਕੇ ਬੇਰੁੱਖੀ ਜਿਹੀ ਵਿਖਾਈ ਤੇ ਬਾਕੀਆਂ ਨੂੰ ਅਗ੍ਹਾਂ ਤੁਰਨ ਦਾ ਇਸ਼ਾਰਾ ਕਰਕੇ ਮੂੰਹ 'ਚ ਬੁੜਬੜਾਇਆ-"ਯੱਦਾ ਜ਼ਿੰਦਗੀ ਦਾ,ਅਖੇ ਜਿਉਣ ਦਾ ਸੁਆਦ ਤਾਂ ਹੁਣ ਆਇਐ..ਹੂੰਅ!"

ਥੋੜੀ ਦੇਰ ਬਾਅਦ ਹਾਥੀ ਨੇ ਪਾਸਾ ਜਿਹਾ ਲਿਆ ਤੇ ਚਿੱਤੜਾਂ ਨੂੰ ਥੋੜਾ ਜਿਹਾ ਦਬਾਇਆ,ਚੂਹੇ ਦੀ ਧੌਣ ਬਾਹਰ ਨੂੰ ਲਟਕਣ ਜਿਹੀ ਲੱਗੀ..ਏਨੇ ਨੂੰ ਚੂਹਿਆਂ ਦੀ ਵਾਹਰ ਜਦੋਂ ਹਾਥੀ ਕੋਲ ਦੀ ਵਾਪਿਸ ਮੁੜਨ ਲੱਗੀ ਤਾਂ ਬੁੱਢਾ ਚੂਹਾ ਹਾਥੀ ਆਲੇ ਚੂਹੇ ਨੂੰ ਪੁੱਛਦਾ,"ਓ ਕਿਵੇਂ ਐ ਬਲਿਆ ਤੇਰੇ ਸਵਰਗਾਂ ਦਾ?" ਅੱਗੋਂ ਚਿੱਤੜਾਂ 'ਚ ਫਸੇ ਤੇ ਅੱਖਾਂ ਦੇ ਆਨੇ ਬਾਹਰ ਕੱਢੀ ਚੂਹਾ ਭਰੜਾਅ ਕੇ ਬੋਲਿਆ," ਇਹ ਮੇਰੀ ਗੱਲ ਪੱਲੇ ਬੰਨ੍ਹ ਲਉ ਸਾਥੀਉ ਕਿ ਆਪਣੇ ਤੋਂ ਵੱਡਿਆਂ ਦੇ ਚਿੱਤੜਾਂ 'ਚ ਬੰਦੇ ਨੂੰ ਕਦੀ ਨਹੀਂ ਵੜਨਾ ਚਾਹੀਦਾ।"



**ਅਮਰਜੀਤ ਅਰਪਨ**

# ਘਾਹ ਫੂਸ



"ਆਹ ਘਾਹ ਫੂਸ ਜਿਹਾ ਐਵੇਂ ਨਹੀਂ ਬਣ ਜਾਂਦਾ। ਬਹੁਤ ਮਿਹਨਤ ਕਰਨੀ ਪੈਂਦੀ ਹੈ। ਇੱਕ ਇੱਕ ਗੰਦਲ ਇਕੱਠੀ ਕਰ ਕੇ ਦਾਤ ਯ ਕਰਦ ਨਾਲ ਕੱਟਣਾ ਪੈਂਦਾ ਹੈ। ਪਾਲਕ ਮੇਥੀ ਬਾਥੂ ਡੂੰਗਣਾ ਕੱਟਣਾ ਪੈਂਦਾ ਹੈ। ਰਿੰਨ੍ਹਣ ਵੇਲੇ ਪੂਰੀ ਨਿਗ੍ਹਾ ਰੱਖਣੀ ਪੈਂਦੀ ਹੈ। ਫਿਰ ਬਾਜਰੇ ਦਾ ਆਟਾ ਯ ਵੇਸਣ ਦਾ ਆਲ੍ਹਣ ਪਾਕੇ ਮੱਧਣਾ ਪੈਂਦਾ ਹੈ। ਹਰੀ ਮਿਰਚ ਅਦਰਕ ਲਸਣ ਤੇ ਟਮਾਟਰ ਦਾ ਤੜਕਾ। ਫਿਰ ਤਿਆਰ ਹੁੰਦਾ ਹੈ ਸਰੋਂ ਦਾ ਸਾਗ।" ਉਸ ਦਾ ਗੁੱਸਾ ਸਿਖਰ ਤੇ ਸੀ। ਮੇਰੇ ਸ਼ਬਦ ਉਸ ਨੂੰ ਗਾਹਲ ਵਾਂਗੂ ਲੱਗੇ। ਸ਼ਬਾਸ਼ੇ ਤੇ ਤਾਰੀਫ਼ ਦੇ ਸ਼ਬਦਾਂ ਦੀ ਬਜਾਇ ਘਾਸ ਫੂਸ ਵਰਗੇ ਸ਼ਬਦ ਸੁਣਨ ਨੂੰ ਮਿਲਣ ਤਾਂ ਬੰਦੇ ਦੀ ਇਹੀ ਹਾਲਤ ਹੁੰਦੀ ਹੈ। ਜਿਵੇਂ ਮੇਰੀ ਮਾਂ ਕਹਿੰਦੀ ਹੁੰਦੀ ਸੀ ਅਖੇ ਬੱਕਰੇ ਦੀ ਜਾਨ ਗਈ ਖਾਣ ਵਾਲੇ ਨੂੰ ਸਵਾਦ ਨਾ ਆਇਆ।

"ਤੁਸੀਂ ਮਿੰਟ ਵਿੱਚ ਹੀ ਘਾਸ ਫੂਸ ਆਖਕੇ ਅਗਲੇ ਦੀ ਕਰੀ ਕਰਾਈ ਖੂਹ ਵਿੱਚ ਪਾ ਦਿੱਤੀ।" ਉਹ ਗੁੱਸੇ ਨਾਲ ਭੜਕੀ ਹੋਈ ਸੀ ਤੇ ਉਸਦਾ ਬੋਲਣਾ ਜਾਰੀ ਸੀ।

"ਨਹੀਂ ਮੇਰੇ ਕਹਿਣ ਦਾ ਆਹ ਮਤਲਬ ਨਹੀਂ ਸੀ।" ਮੈਂ ਗੱਲ ਬਦਲਣ ਦੀ ਕੋਸ਼ਿਸ਼ ਕੀਤੀ। ਮੇਰੇ ਸਪਸ਼ਟੀਕਰਨ ਮੇਰੇ ਮੂੰਹ ਵਿਚ ਹੀ ਰਹਿ ਗਏ। ਇੱਥੇ ਸੌਰੀ ਸ਼ਬਦ ਦਾ ਵੀ ਕੋਈਂ ਅਸਰ ਨਹੀ ਸੀ ਹੋਣਾ।

"ਸੋਡੀ ਤਾਂ ਓਹੀ ਗੱਲ ਹੈ ਬੱਕਰਾ ਜਾਨੋ ਗਿਆ ਤੇ ਖਾਣ ਵਾਲੇ ਨੂੰ ਸਵਾਦ ਨਾ ਆਇਆ।" ਉਸਨੇ ਮਾਤਾ ਵਾਲਾ ਡਾਇਲੋਗ ਦੁਰਹਾ ਦਿੱਤਾ। ਉਸਦਾ ਲੈਕਚਰ ਬਾਦਸਤੂਰ ਜਾਰੀ ਸੀ।


"ਮੈਂ ਮੈਂ ਮੈਂ ਤਾਂ ।" ਪਰ ਮੈਥੋਂ ਬੋਲ ਨਾ ਹੋਇਆ।"ਮੈਨੂੰ ਕੀ ਸੀ ਲੱਪ ਮੂੰਗੀ ਰੱਖ ਦਿੰਦੀ ਕੂਕਰ ਚ। ਦੋ ਸੀਟੀਆਂ ਮਰਵਾ ਦਿੰਦੀ ਤੇ ਸੋਨੂ ਪਰੋਸ ਦਿੰਦੀ। ਮਖਿਆ ਰੁੱਤ ਦਾ ਮੇਵਾ ਹੈ। ਖੁਸ਼ ਹੋਕੇ ਖਾ ਲਵੇਗਾ ਸਾਰਾ ਟੱਬਰ। ਮੇਰੇ ਪੋਟੇ ਦੁਖਣ ਲੱਗ ਪਏ। ਕਿਹੜੇ ਵੇਲਿਆਂ ਦੀ ਖ਼ਫ਼ੀ ਜਾਂਦੀ ਹਾਂ। ਤੁਸੀਂ ਘਾਸ ਫੂਸ ਆਖਣ ਲਗਿਆ ਨੇ ਮਿੰਟ ਲਾਇਆ।" ਹੁਣ ਉਸਦੀਆਂ ਅੱਖਾਂ ਵਿੱਚ ਹੰਝੂ ਵੀ ਸਨ।ਮੈਂ ਚੱਕੀ ਸਕੂਟੀ ਤੇ ਬਜ਼ਾਰ ਨੂੰ ਹੋ ਲਿਆ। ਸੱਚੀ ਉਸਦਾ ਸੱਚ ਸੁਣਨਾ ਵੀ ਮੇਰੇ ਲਈ ਔਖਾ ਸੀ। ਮੇਰੇ ਬੋਲੇ ਘਾਹ ਫੂਸ ਸ਼ਬਦ ਤਾਂ ਬਰੂਦ ਬਣ ਗਏ।



**ਰਮੇਸ ਸੇਠੀ ਬਾਦਲ**

# 'ਓਹ ਸ਼ਰਾਰਤਾਂ' ਤੇ 'ਓਹ ਖੁਸ਼ੀ'

ਸਲਾਈਟ ਲੌਂਗੋਵਾਲ ਵਿੱਚ ਠੇਕੇਦਾਰੀ 'ਤੇ ਜੌਬ ਕਰਦਾ ਸੀ। ਮੇਰੇ ਨਾ਼ਲ ਇੱਕ ਮੂਨਕ ਵੱਲ ਦਾ ਮੁੰਡਾ ਸੀ। ਅਸੀਂ ਦੋਵੇਂ ਤੇ ਸਾਡੇ ਵਰਗੇ ਹੋਰ, ਰਿਹਾਇਸ਼ੀ ਕਵਾਟਰਾਂ ਵਿਚ ਕਾਲਜ ਦੀ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸੀ ਤੇ ਸਾਬਕਾ ਫ਼ੌਜੀ ਜੋ ਸਕਿਉਰਿਟੀ ਗਾਰਡ ਸਨ,ਓਹ ਸਾਰੇ ਜ਼ਮੀਨ ਵਾ਼ਲੀ ਮੰਜ਼ਿਲ ਉੱਤੇ। ਕੁਆਰੇ ਈ ਸੀ ਅਸੀਂ ਤਾਂ ਤੇ ਸਾਬਕਾ ਫੌਜੀਆਂ ਵਿੱਚ ਜਿਆਦਾਤਰ ਪੁੱਤ-ਪੋਤਿਆਂ ਵਾ਼ਲੇ। ਇੱਕ ਹਰਿਆਣੇ ਵੱਲ ਦਾ ਪੰਜਾਬੀ ਫ਼ੌਜੀ ਸੀ। ਨਵੰਬਰ,ਦਸੰਬਰ,ਜਨਵਰੀ ਦੀ ਹੱਡ ਜੋੜਨ ਵਾ਼ਲੀ ਠੰਢ ਪੈ ਰਹੀ ਸੀ,ਓਸ ਸਾਲ। ਹੀਟਰ ਲਾਉਣ ਦੀ ਮਨਾਹੀ ਸੀ। ਸਟੋਵ ਉੱਤੇ ਪਾਣੀ ਗਰਮ ਕਰਨਾ,ਬਜਟ ਹਿਲਾਉਣ ਵਾ਼ਲਾ ਕੰਮ ਸੀ। ਅਸੀਂ ਕਿਵੇਂ ਨਾ ਕਿਵੇਂ ਤਾਜ਼ੇ ਪਾਣੀ ਨਾ਼ਲ ਨਹਾਉਣ ਦਾ ਰਿਸਕ ਲੈਂਦੇ। ਇੱਕ ਦਿਨ ਮੈਂ ਬਾਲਕੋਨੀ ਤੋਂ ਹੇਠਾਂ ਦੇਖਿਆ ਤਾਂ ਹਰਿਆਣੇ ਵਾ਼ਲਾ ਓਹੀ ਕਰਨੈਲ ਫ਼ੌਜੀ, ਚੁੱਲ੍ਹੇ ਉੱਤੇ ਪਾਣੀ ਗਰਮ ਕਰ ਰਿਹਾ ਸੀ। ਮੈਂ ਨਾ਼ਲ ਦੇ ਨੂੰ ਗੱਲ ਦੱਸੀ। ਸੁਣ ਕੇ ਉਹਨੇ ਹਾਂ ਕਰਤੀ। ਮੈਂ ਉੱਪਰੋਂ ਧਿਆਨ ਰੱਖਿਆ,ਜਦੋਂ ਪਾਣੀ ਐਨ ਭਾਫ਼ਾਂ ਛੱਡਣ ਲੱਗਾ ਤਾਂ ਦੇ ਤਾ ਘਟਨਾ ਨੂੰ ਅੰਜ਼ਾਮ। ਕਰਨੈਲ ਗੱਲਾਂ ਦਾ ਬੜਾ ਚਾਸਤੂ ਸੀ ਤੇ ਐਧਰ ਸੰਤਾਂ ਉੱਤੇ ਗੱਲਾਂ ਦੀ ਪੂਰੀ ਕ੍ਰਿਪਾ। ਮੈਂ ਹੇਠਾਂ ਗਿਆ। ਨੁੱਚੜਦੀਆਂ-ਨੁੱਚੜਦੀਆਂ ਗੱਲਾਂ ਕਰਦਾ,ਓਹਨੂੰ ਸਾਈਡ ਜਿਹੀ 'ਤੇ ਲੈ ਗਿਆ। ਖੜ੍ਹਨ ਦਾ ਢੰਗ ਇਹ ਕਿ ਮੈਂ ਓਹਦੀ ਪਿੱਠ ਚੁੱਲ੍ਹੇ ਵੱਲ ਕਰ ਦਿੱਤੀ। ਉਪਰਲਾ ਆੜੀ ਠੰਢੇ ਪਾਣੀ ਵਾ਼ਲੀ ਤੇ ਖ਼ਾਲੀ ਬਾਲਟੀ ਲੈ ਹੇਠਾਂ ਆਇਆ। ਓਸਨੇ ਗਰਮ ਪਾਣੀ ਵਾ਼ਲੀ ਡਰੰਮੀ ਖ਼ਾਲੀ ਬਾਲਟੀ 'ਚ ਉਲਟਾਈ,ਠੰਢੇ ਪਾਣੀ ਵਾ਼ਲੀ ਬਾਲਟੀ ਡਰੰਮੀ 'ਚ ਉਲਟਾਈ ਤੇ ਗਰਮ ਪਾਣੀ ਲੈ ਉੱਪਰ ਜਾ ਚੜ੍ਹਿਆ। ਜਦੋਂ ਤੱਕ ਉੱਪਰੋਂ ਨਹਾਉਣ ਲਈ ਮੈਨੂੰ ਅਵਾਜ਼ ਨਾ ਆਈ,ਮੈਂ ਕਰਨੈਲ ਨੂੰ ਇੱਕ ਤੋਂ ਇੱਕ ਗੱਲ ਸੁਣਾਈ ਗਿਆ। ਮੈਂ ਪੌੜੀਆਂ ਚੜ੍ਹਨ ਲੱਗਾ ਤੇ ਕਰਨੈਲ ਡਰੰਮੀ 'ਚ ਹੱਥ ਪਾਉਂਦਾ ਤੇ ਅਧ ਬੁਝੀਆਂ ਲੱਕੜਾਂ ਚੁੱਲ੍ਹੇ ਅੰਦਰ ਕਰਦਾ ਬੋਲਿਆ,"ਤੇਰੀਆਂ ਗੱਲਾਂ ਨੇ ਮੇਰਾ ਪਾਣੀ ਨ੍ਹੀਂ ਪੂਰਾ ਗਰਮ ਹੋਣ ਦਿੱਤਾ।" ਉੱਪਰ ਜਾ ਸਾਡੀ ਦੋਵਾਂ ਦੀ ਹਾਸੀ ਨਾ ਰੁਕੇ। ਇਹ ਸਿਲਸਿਲਾ ਰੈਸਟ ਵਾ਼ਲੇ ਦਿਨ ਨੂੰ ਛੱਡ, ਠੰਢਾਂ ਵਿਚ ਲਗਾਤਾਰ ਚਲਦਾ ਰਿਹਾ। ਫਰਵਰੀ ਦੀ ਕੋਸੀ ਜਿਹੀ ਧੁੱਪ ਵਿੱਚ ਮੈਂ ਕਰਨੈਲ ਕੋਲ ਬੈਠਾ ਸੀ। ਜਦੋਂ ਪਾਣੀ ਵਾ਼ਲੀ ਗੱਲ ਸਾਂਝੀ ਕੀਤੀ ਤਾਂ ਕਰਨੈਲ ਮਨ ਜਿਹਾ ਭਰ ਆਇਆ। ਬੋਲਿਆ,"ਜਸਵਿੰਦਰ ਸਿਆਂ, ਪੁੱਤ ਥੋਨੂੰ ਐਂ ਸੀ ਬੀ ਫ਼ੌਜੀ ਦਾ ਅਸੀਂ ਰੋਜ਼ ਬੁੱਧੂ ਬਣਾਈ ਜਾਨੇ ਆਂ। ਥੋਡੀ ਸ਼ਰਾਰਤ ਤਾਂ ਮੈਂ ਪਹਿਲੇ ਦਿਨ ਈ ਪਕੜ ਲਈ ਸੀ।....ਥੋਡੇ ਦੋਵਾਂ ਵਰਗੇ ਮੇਰੇ ਦੋ ਪੋਤੇ ਨੇ।... ਜਦੋਂ ਪਿੰਡ ਜਾਵਾਂ, ਮੇਰੇ ਨਾ਼ਲ ਬੜੀਆਂ ਸ਼ਰਾਰਤਾਂ ਕਰਦੇ ਨੇ।.....ਕਦੇ ਕੋਈ ਇੱਕ ਜੁੱਤੀ ਲੁਕੋ ਦਿੰਦਾ, ਕਦੇ ਕੋਈ ਗਰਮ ਪਾਣੀ 'ਚ ਠੰਢਾ ਪਾਣੀ ਪਾ ਦਿੰਦਾ। ਐਡੇ ਸ਼ਰਾਰਤੀ ਨੇ, ਦੋਵੇਂ ਮੇਰੇ ਨਾ਼ਲ ਰੋਟੀ ਖਾਣਗੇ।.... ਰੋਟੀ ਖਾਂਦੇ ਆਪਣੀ ਜਾਣ 'ਚ ਚੋਰੀ,ਥਾ਼ਲ 'ਚ ਰੱਖੀ ਹਰੀ ਮਿਰਚ ਤੋੜ ਕੇ, ਮੇਰੇ ਪਾਸੇ ਵਾ਼ਲੀ ਦਾ਼ਲ ਸਬਜ਼ੀ 'ਚ ਡੁਬੋ ਦਿੰਦੇ ਨੇ। ਫੇਰ ਜਦੋਂ ਸੀ-ਸੀ ਕਰਦਾ ਮੈਂ ਪਾਣੀ ਦੇ ਗਲਾਸ ਵੱਲ ਹੱਥ ਕਰਦਾਂ ਤਾਂ ਝੱਟ ਆਵਦੇ ਮੂੰਹ ਨੂੰ ਗਲਾਸ ਲਾ ਲੈਂਦੇ ਨੇ.......।" ਓਹ ਆਪਣੇ ਪੋਤਿਆਂ ਦੀਆਂ ਕਿੰਨੀਆਂ ਹੀ ਨਿੱਕੀਆਂ-ਵੱਡੀਆਂ ਸ਼ਰਾਰਤਾਂ ਦਸਦਾ,ਕਦੀ ਰੋ ਪੈਂਦਾ ਕਦੀ ਹੱਸ ਪੈਂਦਾ। ਮੈਨੂੰ ਸਾਡੇ ਵੱਲੋਂ ਕੀਤੀਆਂ ਸ਼ਰਾਰਤਾਂ ਠੁੱਸ ਜਿਹੀਆਂ ਹੋਈਆਂ ਲੱਗੀਆਂ।



**ਜਸਵਿੰਦਰ ਪੰਜਾਬੀ**

# ਖਿੜਿਆ ਫੁੱਲ ਗੁਲਾਬ ਦਾ। ਚੰਡੀਗੜ੍ਹ ਪੰਜਾਬ ਦਾ॥

ਇਹ ਬਹੁਤ ਪੁਰਾਣੀ ਗੱਲ ਹੈ, ਮੈਂ ਉਦੋਂ ਫੌਜ ਵਿੱਚ ਸੀ ਤੇ ਵਿਆਹਿਆ ਵੀ ਨਹੀਂ ਸੀ। ਸੋ ਉਹੀ ਗੱਲ ਸੀ ਮੇਰੀ ਵੀ ਜਿਹੜੀ ਆਮ ਛੜਿਆਂ ਦੀ ਹੁੰਦੀ ਹੈ "ਨੰਗ ਮਲੰਗ ਡੂਡੀਆਂ ਡੇਰਾ" ਵਾਲੀ। ਛੁੱਟੀ ਆਉਣਾ, ਯਾਰਾਂ ਦੋਸਤਾਂ, ਰਿਸ਼ਤੇਦਾਰੀਆਂ ਵਿੱਚ ਤੁਰੇ ਰਹਿਣਾ। ਪੰਜਾਬ ਵਿੱਚ ਅਕਾਲੀਆਂ ਨੇ ਮੋਰਚਾ ਲਾਇਆ ਹੋਇਆ ਸੀ ਕਿ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਸਾਨੂੰ ਦਿਓ। ਪਾਣੀਆਂ ਦਾ ਮਸਲਾ ਰਾਏਪੇਰੀਆਂਣ ਅਨੁਸਾਰ ਹੱਲ ਕਰੋ ਵਗੈਰਾ ਵਗੈਰਾ। ਇਹ ਗੱਲ ਵੈਸੇ ਹੁਣ ਤਾਂ ਸਾਰੇ ਹੀ ਜਾਣਦੇ ਕਿ ਅਕਾਲੀਆਂ ਦੀਆਂ ਇਹ ਮੰਗਾਂ ਹੁੰਦੀਆਂ ਉਦੋਂ ਹੀ ਸੀ, ਜਦੋਂ ਇਹ ਸੱਤਾ ਤੋਂ ਬਾਹਰ ਹੁੰਦੇ ਸਨ। ਜਿਵੇਂ ਅੱਜਕਲ ਸਾਡੇ ਵਾਲ਼ਿਆਂ ਨੇ ਵੀ ਉਹੀ ਮਾਡਲ ਅਪਣਾਇਆ ਹੋਇਆ। ਪਤਾ ਨਹੀਂ ਪਤੰਦਰ ਕਿਹੜੇ ਖੇਤ ਦੀ ਰੋਟੀ ਖਾਂਦੇ ਹਨ, ਵਿਧਾਨ ਸਭਾ ਵਿਚ ਵੜਦੇ ਹੀ ਪਿਛਲੀ ਮੈਮੋਰੀ ਤਾਂ ਜਿਵੇਂ ਡਿਲੀਟ ਹੀ ਹੋ ਜਾਂਦੀ ਹੈ। ਯਾਦ ਰਹਿੰਦਾ ਸਿਰਫ ਪੈਸਾ। ਖ਼ੈਰ ਮੁੱਦੇ ਦੀ ਗੱਲ ਕਰਦੇ ਹਾਂ। ਮੈਨੂੰ ਮੇਰੇ ਮਾਮੇ ਦਾ ਮੁੰਡਾ ਕਹਿੰਦਾ, ਇਹ ਚੰਡੀਗੜ੍ਹ ਮੰਗਣ ਤੇ ਇੰਨਾ ਜੋਰ ਕਿਉਂ ਦਿੰਦੇ ਹਨ? ਉੱਥੋਂ ਕਮਾਈ ਵੀ ਕੋਈ ਨਹੀਂ ਹੈ। ਅਰਬਾਂ ਰੁਪਏ ਹਰ ਸਾਲ ਲਗਦੇ ਹੀ ਨੇ। ਹੁਣ ਤਾਂ ਕੁਛ ਹਰਿਆਣੇ ਤੋਂ ਤੇ ਕੁਛ ਕੇਂਦਰ ਤੋਂ ਵੀ ਆਉਂਦਾ, ਫਿਰ ਸਭ ਪੰਜਾਬ ਨੂੰ ਦੇਣਾ ਪੈਣਾ। ਮੈਂ ਕੁਛ ਦੇਰ ਸੋਚਿਆ ਤੇ ਕਿਹਾ, ਦਰਅਸਲ ਰਾਜ ਚੰਡੀਗੜ੍ਹ ਤੋਂ ਚਲਦਾ ਹੋਣ ਕਰਕੇ, ਚੰਡੀਗੜ੍ਹ ਇਹਨਾ ਦਾ ਚੱਕਰ ਹਰ ਤੀਜੇ ਦਿਨ ਲਗਦਾ ਹੋਣ ਕਰਕੇ, ਇਹ ਚੰਡੀਗੜ੍ਹ ਵਿਚ ਤੀਜੇ ਦਿਨ ਜਾਣ ਕਰਕੇ, ਜਦ ਚੰਡੀਗੜ੍ਹ ਵਿਚ ਪੈਰ ਧਰਦੇ ਬੇਸ਼ਰਮ ਬਹੁਤ ਮਹਿਸੂਸ ਕਰਦੇ ਨੇ। ਇਹ ਸੈਂਟਰ ਵੱਲੋਂ ਪੰਜਾਬ ਨਾਲ ਕੀਤਾ ਧੱਕਾ ਸਮਝਦੇ ਨੇ। ਕਿ ਪੰਜਾਬ ਦਾ ਹਿੱਸਾ ਹੋਣ ਕਰਕੇ ਵੀ ਇਹ ਪੰਜਾਬ ਵਰਗਾ ਤਾਂ ਕਿਧਰੇ ਲਗਦਾ ਹੀ ਨਹੀਂ। ਜਿਸ ਦਿਨ ਵੀ ਇਹ ਸਾਨੂੰ ਮਿਲ ਗਿਆ, ਅਸੀਂ ਇਸਨੂੰ ਪੰਜਾਬ ਬਣਾ ਦੇਵਾਂਗੇ। ਫਿਰ ਚੰਡੀਗੜ੍ਹ ਦੇ ਅਫ਼ਸਰਾਂ ਦੇ ਬੱਚੇ ਵੀ ਟਰਾਲੀਆਂ ਦੇਖ ਸਕਣਗੇ। ਟਰਾਲੀਆਂ ਵਿਚ ਵਿਕਦੇ ਕਿੰਨੂ, ਮੂੰਗਫਲੀਆਂ, ਗੁੜ ਦਾ ਅਨੰਦ ਲੈਣਗੇ। ਖੋਤਾ ਰੇਹੜੀ ਤੇ ਲੱਦੀਆਂ ਤਾਜ਼ੀਆਂ ਸਬਜ਼ੀਆਂ ਸਾਹਿਬ ਦੀ ਕੋਠੀ ਤੇ ਦਸਤਕ ਦੇਣਗੀਆਂ। ਕੁਛ ਅਵਾਰਾ ਡੰਗਰਾਂ, ਕੁੱਤਿਆਂ ਨੂੰ ਚੰਡੀਗੜ੍ਹ ਦੇਖਣ ਦਾ ਮੌਕਾ ਮਿਲੇਗਾ। ਉਹਨਾਂ ਲਈ ਇਹ ਵੰਚਿਤ ਕਿਉਂ ? ਉਹ ਵੀ ਇਸ ਦੇਸ਼ ਦੇ ਵਾਸੀ ਨੇ, ਜੇਕਰ ਉਹ ਬੁਢਲਾਡਾ ਦੀਆਂ ਕੰਧਾਂ ਤੇ ਮੂਤ ਸਕਦੇ ਫਿਰ ਚੰਡੀਗੜ੍ਹ ਦੀਆਂ ਕੰਧਾਂ ਉਹਨਾਂ ਬਿਨਾ ਅਪਵਿੱਤਰ ਕਿਉਂ ? ਇਸ ਲਈ ਭਰਾਵਾ ਇਹ ਇਨਸਾਫ਼ ਦੀ, ਬਰਾਬਰੀ ਦੀ ਲੜਾਈ ਹੈ। ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਦੇਖ ਲਵੋ, ਮੇਰੇ ਵਿਚਾਰਾਂ ਦਾ ਲੋਕਾਂ ਤੇ ਕਿੰਨਾ ਅਸਰ ਹੋਇਆ। ਉਸ ਤੋਂ ਬਾਅਦ ਅਕਾਲੀ ਕਿੰਨੇ ਵਾਰ ਪੰਜ ਪੰਜ ਸਾਲ ਦੀ ਸਰਕਾਰ ਚਲਾ ਗਏ। ਨਹੀਂ ਕਦੇ ਸਰਕਾਰ ਤਿੰਨ ਸਾਲ ਤੋਂ ਵੱਧ ਨਹੀਂ ਚੱਲੀ ਸੀ, 1990 ਤੋਂ ਪਹਿਲਾਂ

**ਤੁਹਾਡਾ ਆਪਣਾ ਚੰਡੀਗੜ੍ਹ ਲਵਰ ਵੈਦ**



**ਬਲਵਿੰਦਰ ਸਿੰਘ ਢਿੱਲੋਂ**

# ਬਿਜਲੀ ਕੜ੍ਹਕੇ, ਤੂਫ਼ਾਨ ਦੇ ਖਤਰੇ



ਬ੍ਰਿਸਬੇਨ ਵਿੱਚ, ਬੱਦਲ ਗਰਜੇ,ਚਮਕੀ ਬਿਜਲੀ, ਤਬਾਹੀ ਤੋਂ ਅਸੀਂ ਤਾਂ ਡਰਗੇ। ਕਿਣਮਿਣ ਹੀ ਹੋਈ, ਡਰ ਦੂਰ ਹੋਇਆ, ਸੱਚੇ ਰੱਬ ਕਰਕੇ। ਉਸ ਦੀ ਮੌਜੂਦਗੀ ਦਾ ਅਹਿਸਾਸ ਹੋਇਆ, ਜੀਵਨ ਦਾ ਰੰਗ ਵੱਖਰਾ ਧੜਕੇ। ਸ਼ਾਂਤੀ ਪਸਰੀ ਸਾਰੇ ਪਾਸੇ, ਸੰਤ ਮਹਾਤਮਾ ਕਿਤੇ ਨਜ਼ਰ ਨਾ ਆਵੇ। ਨਾ ਕੋਈ ਤਿਲਕ ਲਗਾ ਕੇ ਫਿਰਦਾ,ਨਾ ਕਿਧਰੇ ਟਿੱਕੇ ਵਾਲੀ ਨਜ਼ਰ ਆਵੇ। ਵਹਿਮਾਂ ਭਰਮਾਂ ਨੂੰ ਨਾ ਕੋਈ ਪੁੱਛੇ, ਨਾ ਕੋਈ ਪੰਡਤਾਂ ਨੂੰ ਹਸਤ-ਰੇਖਾ ਦਿਖਾਵੇ।

ਦੇਸ਼ ਤਾਂ ਆਖਰ, ਅਪਣਾ ਦੇਸ਼ ਹੀ ਹੁੰਦਾ, ਭੰਡਣ ਤੋਂ ਪਹਿਲਾਂ ਮਜ਼ਮੇਂ ਯਾਦ ਆਉਂਦੇ। ਆਸਟ੍ਰੇਲੀਆ 'ਚ ਰੌਣਕਾਂ ਲੱਗਦੀਆਂ, ਸਵਿਮਿੰਗ ਪੂਲਾਂ ਤੇ,ਹਰ ਕੋਈ ਤਾਰੀਆਂ ਲਾਵੇ।ਪੋਤੀਆਂ ਦੋਹਤੀਆਂ ਕਰਨ, ਸਹਾਇਤਾ ਦਾਦੀਆਂ ਨਾਨੀਆਂ ਦੀ, ਮੰਮੀ ਵੀ ਤਾਰੀਆਂ ਸਿਖਾਵੇ। ਛੋਟੇ ਬੱਚੇ ਜ਼ਿਆਦਾ ਜ਼ੋਸ਼ੀਲੇ, ਸਭ ਦੀ ਨਿਗ੍ਹਾ ਦਾ ਧੁਰਾ ਨੇ ਬਣਦੇ। ਥਕਾਵਟ ਅਕਾਵਟ ਪੂਰੇ ਦਿਨ ਦੀ ਲਾਹਕੇ, ਵਾਪਸੀ ਤੇ ਬਣਦੇ ਠਣਦੇ। ਇੰਨੇ ਵਧੀਆ ਮੁਲਕ, ਦੇ ਵਿੱਚ ਵੀ ਭੈੜ, ਕਈ ਨਜ਼ਰ ਨੇ ਆਉਂਦੇ। ਸਿਗਰੇਟ ਤੰਬਾਕੂ ਦੀ ਵਰਤੋਂ ਕਰਨਾ, ਹਲਕੀ ਡਰਿੰਕ ਵੀ ਨੇ ਲਾਉਂਦੇ। ਜਨਤਕ ਥਾਵਾਂ ਉੱਤੇ ਥੁੱਕ ਵੀ ਨ੍ਹੀਂ ਸਕਦੇ, ਸਾਰਾ ਕੂੜਾ ਲਿਫਾਫੇ ਵਿਚ ਨੇ ਪਾਉਂਦੇ। ਡੀਜੇ ਦੇ ਬਾਜੇ ਖੌਰੂ ਨ੍ਹੀਂ ਪਾ ਸਕਦੇ, ਨਾ ਹੁੰਦੀਆਂ ਕੋਈ ਲੜਾਈਆਂ। ਮਨ ਨੂੰ ਖੁਸ਼ ਰੱਖਣਾ ਹੀ ਮਨੋਰੰਜਨ ਸਮਝਦੇ,ਨਾ ਕਰਦੇ ਬਹੁਤੀਆਂ ਚਤੁਰਾਈਆਂ। ਵੈਟਰਨ ਫੌਜੀਆਂ ਵਾਸਤੇ ਚਿਕਿਤਸਿਕ (ਭੰਗ) ਜੋੜਾਂ ਦੇ ਦਰਦ ਲਈ, ਲੋੜ ਮੁਤਾਬਿਕ ਹੈ ਦਿੱਤੀ ਜਾਂਦੀ। ਸਮਾਜਿਕ ਸੁਰੱਖਿਆ ਵਿਭਾਗ ਦਵਾਰਾ, ਪੂਰੀ ਇਮਾਨਦਾਰੀ ਨਾਲ ਸ਼ਨਾਖਤ ਕਰਕੇ, ਜਾਰੀ ਕੀਤੀ ਹੈ ਜਾਂਦੀ।"ਵਿਹਲੀ ਘੁਮਾਰੀ ਕੀ ਕਰੇ, ਇਧਰ ਦੇ ਭਾਂਡੇ, ਉਧਰ ਧਰੇ"ਵਾਂਗੂੰ ਠੀਕ ਠਾਕ ਉਮਰ ਦੇ ਬਜ਼ੁਰਗ, ਸਟੋਰਾਂ ਦੀ ਸਾਫ ਸਫਾਈ ਨੇ ਕਰਦੇ। ਬੱਚਿਆਂ ਦਾ ਵੀ ਦਿਲ ਲਵਾਈ ਰੱਖਦੇ, ਕਦੇ ਨਾ ਥੱਕਦੇ। (ਪਲਾਸਟਿਕ) ਸੁੱਕਾ, (ਔਰਗੈਨਿਕ) ਗਿੱਲਾ, ਅਤੇ ਘਾਹ ਦੇ, ਤਿੰਨ ਡਰੰਮਾਂ ਵਿੱਚੋਂ, ਕੂੜਾ-ਕਰਕਟਵਾਲਾ ਟਰੱਕ, ਹਫ਼ਤੇ ਵਿੱਚ ਇੱਕ ਵਾਰ,ਇਕੱਠਾ, ਕਰ ਹੈ ਲੈ ਜਾਂਦਾ।ਸਫਾਈ ਇੰਨੀ ਹੈ ਰਹਿੰਦੀ, ਕਾਗਜ਼-ਕਚਰੇ ਦਾ ਕਿਤੇ ਨਾਂਉਂ ਨਿਸ਼ਾਨ ਵੀ ਨਜ਼ਰ ਨ੍ਹੀਂ ਆਉਂਦਾ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ, ਬ੍ਰਿਸਬੇਨ ਆਸਟ੍ਰੇਲੀਆ।ਫੋਨ ਨੰਬਰ : 9878469639**

## ਫ਼ਰਕ

ਨਿੱਜੀ ਲੋੜਾਂ ਨਾਲ ਜੁੜੀ ਦੋਸਤੀ ਅਕਸਰ ਕਿਸੇ ਨਾ ਕਿਸੇ ਮੋੜ ਤੇ ਆ ਕੇ ਟੁੱਟ ਜਾਂਦੀ ਹੈ ਕਿਉਂਕਿ ਇਸ ਦਾ ਸੰਬੰਧ ਇੱਕ ਦੂਜੇ ਨੂੰ ਲੈਣ ਦੇਣ ਨਾਲ ਹੁੰਦਾ ਹੈ ।

ਵਿਚਾਰਾਂ ਨਾਲ ਜੁੜੀ ਦੋਸਤੀ ਲੰਬਾ ਸਮਾਂ ਕਾਇਮ ਰਹਿੰਦੀ ਹੈ ਕਿਉਂਕਿ ਵਿਚਾਰਾਂ ਨਾਲ ਜੁੜੀ ਦੋਸਤੀ ਵਿੱਚ ਅਸੀਂ ਆਪਣੇ ਬਾਰੇ ਨਹੀਂ ਸੋਚਦੇ ਬਲਕਿ ਸਮਾਜ ਬਾਰੇ ਸੋਚਦੇ ਹਾਂ ।

ਦੋਨਾਂ ਦੋਸਤੀਆਂ ਵਿੱਚ ਫ਼ਰਕ ਜ਼ਮੀਨ ਅਸਮਾਨ ਦਾ ਹੈ ਪਰ ਇਹ ਫ਼ਰਕ ਵਿਰਲਿਆਂ ਨੂੰ ਹੀ ਨਜ਼ਰ ਆਉਂਦਾ ਹੈ ।



**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**006421392147**


## ਮਿੰਨੀ ਕਹਾਣੀ /ਲੇਖ਼ਕ ਦੀ ਹੈਸੀਅਤ

ਉਸ ਲੇਖਕ ਨੂੰ ਸਾਰੇ ਭੰਡਦੇ ਰਹਿੰਦੇ। ਪਰ ਉਹ ਲੇਖਕ ਆਪਣੀ ਨਿਵੇਕਲੀ ਚਾਲ ਨਾ ਛੱਡਦਾ। ਦੂਸਰੇ ਲੇਖਕਾਂ ਦੀ ਨਿੰਦਿਆ -ਚੁਗਲੀ ਨੇ ਆਖ਼ਰ ਉਸਨੂੰ ਵੱਡੇ ਲੇਖਕਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ। ਹੁਣ ਅਜਿਹੇ ਹੀ ਲੇਖਕ ਉਸ ਸਾਹਿਤਕਾਰ ਨਾਲ ਆਪਣੀ ਨੇੜਤਾ ਦੇ ਦਾਅਵੇ ਕਰਨ ਲੱਗੇ ਸਨ। ਉਸਨੂੰ ਆਪਣੀਆਂ ਸੰਸਥਾਵਾਂ ਵਿੱਚ ਬੁਲਾਕੇ ਸਨਮਾਨਿਤ ਵੀ ਕਰਨ ਲੱਗੇ। ਆਲੋਚਕ ਵੀ ਉਸਦੀ ਸ਼ਖ਼ਸੀਅਤ ਤੇ ਉਸਦੀਆਂ ਰਚਨਾਵਾਂ ਦਾ ਗੁਣਗਾਣ ਕਰਦੇ ਨਾ ਥੱਕਦੇ।

ਇੱਕ ਰੋਜ਼ ਜਦੋਂ ਇੱਕ ਸਾਹਿਤਕ ਸਮਾਗਮ 'ਚ ਇੱਕ ਸੱਜਣ-ਲੇਖਕ ਉਸਦੀ ਤਾਰੀਫ਼ ਦੇ ਪੁਲ ਬੰਨ੍ਹਣ 'ਚ ਮਸਰੂਫ਼ ਸਨ ਤਾਂ ਉਹ ਮਲਕੜੇ ਜਿਹੇ ਉਸ ਅਖੌਤੀ ਲੇਖਕ ਕੋਲ ਪਹੁੰਚੇ ਤੇ ਮੁਸਕਰਾਕੇ ਬੱਸ ਏਨਾ ਹੀ ਬੋਲਿਆ,' ਇਨ੍ਹਾਂ ਦੀ ਅੰਨ੍ਹੀ ਵਿਰੋਧਤਾ ਨੇ ਹੀ ਮੈਨੂੰ ਇਸ ਮੁਕਾਮ ਤੱਕ ਪਹੁੰਚਾਇਐ! '

ਏਨਾ ਕਹਿੰਦਿਆਂ ਉਨ੍ਹਾਂ ਆਪਣੇ ਗਲ਼ ਵਿੱਚ ਪਾਇਆ ਹਾਰ ਉਸ ਸੱਜਣ-ਲੇਖਕ ਦੇ ਗਲ਼ ਵਿੱਚ ਪਾ ਦਿੱਤਾ।

**ਸੁਖਮਿੰਦਰ ਸੇਖੋਂ**
**98145-07693**



## ਇਕ ਬਹੁਤ ਹੀ ਜ਼ਰੂਰੀ ਲੋਕਹਿੱਤ ਜਾਣਕਾਰੀ ਹੈ



ਬਦਲਦੇ ਮੌਸਮ ਕਰਕੇ ਡੇਂਗੂ ਬੁਖ਼ਾਰ ਨੇ ਫਿਰ ਜ਼ੋਰ ਫੜ੍ਹ ਲਿਆ ਹੈ , ਜਿਸ ਕਾਰਨ ਲੋਕਾਂ ਦੇ ਖ਼ੂਨ ਅੰਦਰ ਪਲੇਟਲੈੱਟ ਤੇਜ਼ੀ ਨਾਲ ਘਟ ਰਹੇ ਹਨ । ਬੇਸ਼ੱਕ ਇਸ ਬੁਖ਼ਾਰ ਨੂੰ ਹੱਡੀ ਤੋੜ ਬੁਖ਼ਾਰ ਕਿਹਾ ਜਾਂਦਾ ਹੈ , ਪਰ ਇਸ ਵਾਰ ਦਰਦਾਂ ਬੇਸ਼ੱਕ ਘੱਟ ਹਨ ਪਰ ਸੈੱਲ ਤੇਜ਼ੀ ਨਾਲ ਘਟ ਰਹੇ ਹਨ । ਇਹਦੇ ਬਚਾਅ ਵਾਸਤੇ ਅਗਰ ਪਪੀਤੇ ਦੇ ਤਾਜ਼ਾ ਪੱਤਿਆਂ ਦਾ ਰਸ ਦੋ ਕੁ ਚਮਚੇ ਕੱਢ ਕੇ ਵਿੱਚ ਸ਼ਹਿਦ ਮਿਲਾ ਕੇ ਵੀ ਮਰੀਜ਼ ਨੂੰ ਪਿਆ ਦਿੱਤੇ ਜਾਣ ਤਾਂ ਕੁਝ ਘੰਟਿਆਂ ਵਿੱਚ ਹੀ ਪਲੇਟਲੈੱਟਸ ਵਧ ਜਾਂਦੇ ਹਨ ਅਤੇ ਮਰੀਜ਼ ਦੀ ਜਾਨ ਬਚ ਜਾਂਦੀ ਹੈ ।

ਅਗਾਊਂ ਬਚਾਅ ਵਾਸਤੇ ਨੇਪਾਲੀ ਚਰਾਇਤਾ , ਗਿਲੋਅ ਅਤੇ ਅਜਵਾਇਨ ਪੰਜਾਹ ਪੰਜਾਹ ਗ੍ਰਾਮ ਲੈਕੇ ਦੋ ਲਿਟਰ ਪਾਣੀ ਵਿਚ ਉਬਾਲ ਲਓ । ਜਦੋਂ ਪਾਣੀ ਚੌਥਾ ਹਿੱਸਾ ਰਹਿ ਜਾਵੇ ਤਾਂ ਤੀਹ ਤੋਂ ਚਾਲੀ ਮਿਲੀ ਲੀਟਰ ਦਿਨ ਵਿਚ ਤਿੰਨ ਚਾਰ ਵਾਰ ਪੀਣ ਨਾਲ ਹਰ ਤਰਾਂ ਦੇ ਬੁਖ਼ਾਰ ਤੋਂ ਬਚਿਆ ਜਾ ਸਕਦਾ ਹੈ । ਇਹ ਫਾਰਮੂਲਾ ਸਾਡੇ ਘਰ ਪਿਛਲੇ ਅੱਸੀ ਸਾਲ ਤੋਂ ਹਰ ਬਦਲਦੇ ਮੌਸਮ ਵਿਚ ਬਣਾਇਆ ਅਤੇ ਵਰਤਿਆ ਜਾਂਦਾ ਹੈ ।

ਨੋਟ : ਇਹਦਾ ਅਰਕ ਵੀ ਕੱਢਿਆ ਜਾ ਸਕਦਾ ਹੈ , ਜੋ ਲੰਮਾਂ ਵਕਤ ਚੱਲ ਜਾਂਦਾ ਹੈ , ਪਰ ਕਾੜ੍ਹਾ ਛੇਤੀ ਖਰਾਬ ਹੋ ਸਕਦਾ ਹੈ ।

**ਡਾਕਟਰ ਇੰਦਰਜੀਤ ਕਮਲ**
**9416362150**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com